# ਸੋਧ

ਨਵੰਬਰ 1977 (ਜਿਲਦ 6 ਨੰਬਰ 11)

**November 1977**

**ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ**

ਇਹ ਪੀ ਡੀ ਐਫ ਫ਼ਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Rs. 1.50

NOVEMBER, 1977
Vol. 6
No. 11

# ਸੇਧ

ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ


⊙ ਅੰਦਰੂਨੀ ਵਿਰੋਧ (ਸਫ਼ਾ 7) — ਕਿਸ਼ਨ ਸਿੰਘ

⊙ ਪੰਜਾਬ ਵਿਚ ਮਾਰਕਸਵਾਦ-3 (ਸਫ਼ਾ 16) — ਭਗਵਾਨ ਸਿੰਘ ਜੋਸ਼

⊙ ਭਾਰਤੀ ਕਮਿਊਨਿਸਟ ਪਾਰਟੀਆਂ ਦਾ ਜਥੇਬੰਦਕ ਢਾਂਚਾ (ਸਫ਼ਾ 26) — ਜੇ. ਸਿੰਘ

⊙ "ਏਹੁ ਹਮਾਰਾ ਜੀਵਣਾ"—ਭਾਨੋ ਦਾ ਭਰਮ (ਸਫ਼ਾ 32) — ਹਰਚਰਨ ਸਿੰਘ ਸੋਬਤੀ

⊙ ਸਾਡੀ ਤਾਲੀਮ-2 (ਸਫ਼ਾ 36) — ਸੁਜਾਊਲ ਹੱਕ ਲਾਹੌਰੀ

⊙ "ਮਾਮੂਲੀ ਪਰ ਮਹੱਤਵਸ਼ਾਲੀ" ਬਾਰੇ ਕੁਝ ਚਰਚਾ (ਸਫ਼ਾ 47) — ਗੁਰਮੀਤ ਸਿੰਘ ਢੁੱਡੀਕੇ

"ਆਗੇ ਆਗੇ ਦੇਖੀਏ...!" (ਸਫ਼ਾ 51) — ਹਿੰਮਤ ਸਿੰਘ ਸੋਢੀ

ਮਾਰਕਸਵਾਦੀ ਲਹਿਰ ਦੇ ਨਾ ਫੈਲਣ ਦੇ ਕਾਰਨ (ਸਫ਼ਾ 55) — ਸੁਰਜੀਤ ਗਿੱਲ

ਡਾ: ਅਤਰ ਸਿੰਘ ਤੇ ਪੰਜਾਬੀਅਤ (ਸਫ਼ਾ 58) — ਨਰਵਿੰਦਰ ਸਿੰਘ


Edited, Printed & Published by
Gurvel Singh Pannu,

S E D H. A/42. Defence Colony,
New Delhi-110024. Ph. No. 626300

Hony. Co Editor
Harcharan Singh Sobti

Printed at 'LOK PRINTERS'
A1/12, Krishan Nagar, Delhi-51.

ਜੇਕਰ ਤੁਸੀਂ ਸਮਝਦੇ ਹੋ ਕਿ ਭਾਰਤ ਵਿਚ ਖੱਬੇ-ਪੱਖੀ ਲਹਿਰ ਦੇ ਸੰਬੰਧ ਵਿਚ ਸਿਧਾਂਤ ਤੇ ਅਮਲ ਬਾਰੇ ਸਵਾਲ ਉਠਾ ਕੇ ਭਾਰਤ ਵਿਚ ਖੱਬੇ-ਪੱਖੀ ਲਹਿਰ ਦੇ ਇਤਿਹਾਸ ਉਪਰ ਝਾਤ ਪੁਆ ਕੇ ਇਸ ਲਹਿਰ ਦੇ ਕਮਜ਼ੋਰ ਅਤੇ ਤਾਕਤਵਰ ਪੱਖਾਂ ਨੂੰ ਸਪਸ਼ਟ ਕਰਦਿਆਂ ਹੋਇਆਂ, ਸੇਧ ਇਕ ਜ਼ਰੂਰੀ ਕੰਮ ਕਰ ਰਿਹਾ ਹੈ ਤਾਂ—

- ਕੀ ਤੁਹਾਡੇ ਖ਼ਿਆਲ ਵਿਚ ਇਸ ਦਾ ਦਾਇਰਾ ਹੋਰ ਵਧੇਰੇ ਚੌੜਾ ਨਹੀਂ ਹੋਣਾ ਚਾਹੀਦਾ ?
- ਕੀ ਇਸ ਵਿਚ ਛਪੇ ਲੇਖਾਂ ਅਤੇ ਵਿਚਾਰਾਂ 'ਤੇ ਦੋਸਤਾਂ ਵਿਚ ਚਰਚਾ ਨਹੀਂ ਛੇੜਨੀ ਚਾਹੀਦੀ ?
- ਇਸ ਵਿਚਲੀਆਂ ਬਹਿਸਾਂ ਵਿਚ ਭਾਗ ਲੈ ਕੇ ਵਿਚਾਰਾਂ ਨੂੰ ਸਪਸ਼ਟ ਨਹੀਂ ਕਰਨਾ ਚਾਹੀਦਾ ?

ਸਾਨੂੰ ਤੁਹਾਡੇ ਹੁੰਗਾਰੇ ਦੀ ਉਡੀਕ ਹੈ।

---


Yes We Do Feed

from Mopeds to Trucks and tractors with

**BRAKE LINING AND CLUTCH FACING**

We Compete

Foreign Expertise and Workmanship

**SARDAR ASBESTOS WORKS**

Office ;
1553-D/2, Rohtas Nagar
DELHI-110032.

Works :
1. 62, Gokalpur, Delhi-110032.
2. Kh. No. 88 Johripur, Delhi-32.

Distributors (Delhi)

**Bombay Motor Co.**

1/839, Tilak Street, Kashmiri Gate

DELHI-110006 Phone : 224353







ਐਸਕੋਰਟਸ ਦਾ ਮਤਲਬ ਹੈ—ਵਸਤਾਂ ਦੀ ਵੰਨਗੀ ਵਖ ਵਖ ਪ੍ਰਕਾਰ ਦੇ ਗਾਹਕਾਂ ਲਈ। ਕਿਸਾਨਾਂ ਲਈ—ਟਰੈਕਟਰ ਅਤੇ ਜ਼ਰਾਇਤੀ ਸੰਦ। ਉਸਾਰੀ ਇੰਜੀਨੀਅਰਾਂ ਅਤੇ ਸਨਅਤੀ ਅਦਾਰਿਆਂ ਲਈ—ਸਨਅਤੀ ਟਰੈਕਟਰ ਤੇ ਕਰੇਨਾਂ। ਮੋਟਰ ਕਾਰਾਂ ਵਾਲਿਆਂ ਲਈ—ਸ਼ਾਕ ਐਬਜ਼ਾਰਬਰਜ਼ ਅਤੇ ਪਿਸਟਨ ਆਦਿ। ਦਫ਼ਤਰ ਜਾਣ ਵਾਲਿਆਂ ਅਤੇ ਸੈਲ ਸਪਾਟੇ ਦੇ ਸ਼ੁਕੀਨਾਂ ਲਈ ਮੋਟਰ ਸਾਈਕਲ ਤੇ ਸਕੂਟਰ। ਰੇਲਾਂ ਲਈ—ਆਟੋਮੈਟਿਕ ਬਫ਼ਰ ਕੱਪਲਰਜ਼, ਬਰੇਕਾਂ ਤੇ ਸਸਪੈਨਸ਼ਨ ਸਿਸਟਮਜ਼। ਸੁਆਣੀਆਂ ਲਈ—ਘਰਾਂ ਵਿਚ ਵਰਤਣ ਵਾਲੇ ਬਿਜਲੀ ਦੇ ਜੰਤਰ। ਬਰਾਮਦ ਕਰਨ ਵਾਲਿਆ ਲਈ—ਮਾਲ ਬਰਾਮਦ ਕਰਨ ਦੀਆਂ ਮੁਕੰਮਲ ਸੇਵਾਵਾਂ। ਐਸਕੋਰਟਸ ਸਰਕਾਰ ਵਲੋਂ ਪ੍ਰਵਾਨ ਐਕਸਪੋਰਟ ਹਾਊਸ ਹੈ ਅਤੇ ਤਰ੍ਹਾਂ ਤਰ੍ਹਾਂ ਦੀਆਂ ਇੰਜੀਨੀਅਰਿੰਗ ਵਸਤਾਂ ਬਾਹਰ ਭੇਜਦਾ ਹੈ—ਮੋਟਰਾਂ ਅਤੇ ਸਨਅਤੀ ਵਸਤਾਂ ਮੋਟਰ ਸਾਈਕਲ ਤੇ ਟਰੈਕਟਰ, ਇਹਨਾਂ ਦੇਸ਼ਾਂ ਨੂੰ—ਅਮਰੀਕਾ, ਯੂ. ਕੇ., ਪੋਲੈਂਡ, ਸੋਵੀਅਤ ਯੂਨੀਅਨ, ਮਿਸਰ, ਸੂਡਾਨ, ਜ਼ੈਮਬੀਆ, ਸ਼੍ਰੀਲੰਕਾ, ਮਲੇਸ਼ੀਆ, ਅਫ਼ਗਾਨਿਸਤਾਨ, ਈਰਾਨ, ਤੇ ਨੇਪਾਲ। ਅਤੇ ਹੋਰ ਅਨੇਕਾਂ ਵਸਤਾਂ ਤੇ ਸੇਵਾਵਾਂ ਜਿਹਨਾਂ ਕਰਕੇ ਐਸਕੋਰਟਸ ਦਾ ਨਾਂ ਤਕਰੀਬਨ ਹਰ ਸਨਅਤ, ਹਰ ਅਦਾਰੇ ਅਤੇ ਹਰ ਘਰ ਵਿਚ ਪ੍ਰਸਿਧ ਹੈ।

**ਐਸਕੋਰਟਸ ਲਿਮਿਟਡ**

ਨਵੀਂ ਦਿੱਲੀ, ਫਰੀਦਾਬਾਦ,
ਬੰਬਈ, ਕਲਕੱਤਾ, ਮਦਰਾਸ।

EL-3621A

## ਜਨਤਾ ਦੇ ਆਪਣੇ ਨਵੇਂ ਪ੍ਰਸ਼ਾਸਨ ਦਾ ਦ੍ਰਿੜ੍ਹ-ਸੰਕਲਪ

* ਦਿੱਲੀ ਵਾਸੀਆਂ ਦੇ ਜੀਵਨ ਦੇ ਹਰ ਪਹਿਲੂ ਦਾ ਵਿਕਾਸ।
* ਸਾਫ਼ ਅਤੇ ਯੋਗ ਪ੍ਰਸ਼ਾਸਨ ਦਾ ਪ੍ਰਬੰਧ।
* ਘੱਟ ਲਾਗਤ ਦੇ ਪਰਾਜੈਕਟਾਂ ਰਾਹੀਂ ਰੁਜ਼ਗਾਰ ਦੇ ਵਧੇਰੇ ਮੌਕੇ ਮੁਹੱਈਆ ਕਰਨਾ।
* ਗੰਦੀਆਂ, ਮੁੜ-ਵਸਾਈਆਂ ਅਤੇ ਅਨ-ਅਧਿਕਾਰਤ ਕਲੋਨੀਆਂ ਤੇ ਦਿਹਾਤੀ ਇਲਾਕਿਆਂ ਦੇ ਲੋਕਾਂ ਨੂੰ ਬੇਹਤਰੀਨ ਸਹੂਲਤਾਂ।

### ਹੋਰ ਵਿਸ਼ੇਸ਼ ਵਿਕਾਸ ਪਰੋਗਰਾਮ

* ਹਰ ਸਾਲ 70-80 ਹਜ਼ਾਰ ਰਹਾਇਸ਼ੀ ਮਕਾਨਾਂ ਦੀ ਉਸਾਰੀ।
* ਹਰੀਜਨਾਂ ਨੂੰ ਸਵੈ-ਨਿਰਭਰ ਬਣਾਉਣ ਲਈ ਸਸਤੇ ਕਰਜ਼ੇ ਅਤੇ ਕੱਚੇ ਮਾਲ ਦਾ ਪ੍ਰਬੰਧ।
* ਸਮਾਜ ਕਲਿਆਨ ਪਰੋਗਰਾਮਾਂ ਉਤੇ ਵਿਸ਼ੇਸ਼ ਜ਼ੋਰ।
* ਜਨਤਾ ਦੀਆਂ ਲੋੜਾਂ ਅਤੇ ਮੰਗਾਂ, ਉਮੰਗਾਂ ਅਨੁਸਾਰ ਵਿਦਿਆ-ਪਰਨਾਲੀ ਵਿਚ ਤਬਦੀਲੀ।
* ਬੇਹਤਰੀਨ ਅਤੇ ਰੈਗੂਲਰ ਆਵਾਜਾਈ।
* ਸਰਕਾਰੀ ਕੰਮ ਕਾਜ ਵਿਚ ਹਿੰਦੀ ਦੀ ਵਧੇਰੇ ਵਰਤੋਂ।
* ਨੀਤੀ ਤਿਆਰ ਕਰਨ ਵਿਚ ਜਨਤਾ ਦੀ ਸਲਾਹ ਅਤੇ ਸਹਿਯੋਗ।

ਆਓ ! ਅਸੀਂ ਸਭ ਮਿਲ ਕੇ ਦਿੱਲੀ ਨੂੰ ਇਕ
ਆਦਰਸ਼ ਨਗਰੀ ਬਣਾਉਣ ਵਿਚ ਜੁੱਟ ਜਾਈਏ।

ਸੂਚਨਾ ਤੇ ਪਰਚਾਰ ਡਾਇਰੈਕਟੋਰੇਟ, ਦਿੱਲੀ ਪ੍ਰਸ਼ਾਸਨ, ਦਿੱਲੀ ਰਾਹੀਂ ਜਾਰੀ



## ਸਮੇਂ ਦੇ ਨਾਲ ਚਲਦਿਆਂ
## ਪੰਜਾਬ ਮਾਰਕਫੈਡ
## ਅੱਗੇ ਵਧ ਰਿਹਾ ਹੈ

ਸਾਲ ਦੌਰਾਨ ਕੀਤਾ ਬਿਜ਼ਨਿਸ 400 ਕਰੋੜ ਰੁਪੈ

**ਪੰਜਾਬ ਮਾਰਕਫੈਡ ਕਿਸਾਨ ਦਾ ਇਕ ਦੋਸਤ :**

10 ਲੱਖ ਟਨ ਕਣਕ ਦੀ ਵਸੂਲੀ ਤੇ ਵਿਕਰੀ, 10 ਲੱਖ ਟਨ ਖਾਦ ਦੀ ਖ਼ਰੀਦ ਤੇ ਵਿਕਰੀ, ਕਪਾਹ ਅਤੇ ਧਾਨ ਦੀ ਵਸੂਲੀ, ਕੀੜੇ ਮਾਰ ਦਵਾਈਆਂ ਦੀ ਵੰਡ।

**ਖੇਤੀ-ਬਾੜੀ ਸੇਵਾਵਾਂ :**

ਫ਼ਸਲਾਂ ਤੇ ਹਵਾਈ ਸਪਰੇ, ਧੂਰੀ, ਅਨੰਦਪੁਰ ਸਾਹਿਬ ਤੇ ਲੁਧਿਆਣਾ ਵਿਖੇ ਦਾਣੇਦਾਰ ਖ਼ਾਦ ਦੇ ਤਿੰਨ ਪਲਾਂਟ, ਇਸ ਦੀ 110 ਹਾਰਵੈਸਟਿੰਗ ਕੰਬਾਈਨਾਂ ਦੀ ਫਲੀਟ ਨਾਲ ਕਣਕ ਤੇ ਧਾਨ ਦੀਆਂ ਫਸਲਾਂ ਦੀ ਕਟਾਈ, ਟਰੈਕਟਰਾਂ ਦੀ ਵਰਤੋਂ, ਪਾਣੀ ਤੇ ਜ਼ਮੀਨ ਦੀ ਮੁਫ਼ਤ ਟੈਸਟਿੰਗ, ਸਿੰਜਾਈ ਵਾਸਤੇ ਮਾਰਕਫੈਡ ਹਿਊਮ ਪਾਈਪ ਅਤੇ ਵੇਅਰ ਹਾਊਸਿੰਗ।

**ਸਨਅੱਤੀ ਸਰਗਰਮੀਆਂ :**

ਮਾਰਕਫੈਡ ਆਇਲ ਕੰਪਲੈਕਸ ਜਿਸ ਦੇ ਤਿੰਨ ਆਇਲ ਯੂਨਿਟ ਹਨ : ਖੰਨਾ ਵਿਖੇ ਮਾਰਕਫੈਡ ਬਨਾਸਪਤੀ ਪਲਾਂਟ, ਮਾਰਕਫੈਡ ਰੀਫਾਈਂਡ ਆਇਲ ਇੰਡਸਟਰੀਜ਼, ਕਪੂਰਥਲਾ, ਮਾਰਕਫੈਡ ਕਾਟਨ ਸੀਡ ਪਲਾਂਟ, ਗਿਦੜਬਾਹਾ, ਜਿਸ ਦੀ ਕੁੱਲ ਸਮਰੱਥਾ 160 ਟਨ ਪ੍ਰਤੀ ਦਿਨ ਹੈ। ਰਾਜਪੁਰਾ ਅਤੇ ਪਟਿਆਲਾ ਵਿਖੇ ਮਾਡਰਨ ਰਾਈਸ ਮਿਲਜ਼, ਜਲੰਧਰ ਵਿਖੇ ਕੈਨਰੀਜ਼ ਅਤੇ ਕੋਟ ਕਪੂਰਾ ਵਿਖੇ ਉਸਰ ਰਹੀ 5 ਕਰੋੜ ਰੁਪੈ ਦੀ ਕਾਟਨ ਸਪਿਨਿੰਗ ਮਿਲ, ਮਾਰਕਫੈਡ ਦੀ ਸਨਅਤੀ ਪ੍ਰਗਤੀ ਦੀਆਂ ਪ੍ਰਤੀਕ ਹਨ।

| | |
|---|---|
| **ਕੇ. ਐਸ. ਬੈਂਸ, ਆਈ.ਏ.ਐਸ.** | **ਮਨਮੋਹਨ ਸਿੰਘ, ਆਈ.ਏ.ਐਸ.** |
| ਚੇਅਰਮੈਨ | ਮੈਨੇਜਿੰਗ ਡਾਇਰੈਕਟਰ |

**ਦੀ ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਐਂਡ ਮਾਰਕੀਟਿੰਗ ਫੈਡਰੇਸ਼ਨ ਲਿਮਟਿਡ, ਸੈਕਟਰ-17 ਸੀ, ਚੰਡੀਗੜ੍ਹ।**

## ਪ੍ਰਕਾਸ਼ਕ ਤੇ ਬਿਕਰੀ ਵਿਭਾਗ
## ਪੰਜਾਬੀ ਯੂਨੀਵਰਸਿਟੀ ਪਟਿਆਲਾ

**ਵਿਸ਼ਾ :—ਐਮ. ਏ. ਪੰਜਾਬੀ/ਐਮ. ਫਿਲ. ਪੰਜਾਬੀ ਦੇ ਵਿਦਿਆਰਥੀਆਂ ਲਈ ਲਾਭਦਾਇਕ ਪੁਸਤਕਾਂ :**

| ਕ੍ਰਮਾਂਕ | ਪੁਸਤਕ ਦਾ ਨਾਂ | ਲੇਖਕ/ਅਨੁਵਾਦਕ | ਕੀਮਤ |
|---|---|---|---|
| 1. | ਸ਼ਬਦਾਰਥ ਦਸਮ ਗ੍ਰੰਥ | ਭਾਈ ਰਣਧੀਰ ਸਿੰਘ | 25-00 |
| 2. | ਸੁਰਤਿ ਸ਼ਬਦ ਵਿਚਾਰ | ਬਲਬੀਰ ਸਿੰਘ | 4-40 |
| 3. | ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ | ਦਰਸ਼ਨ ਸਿੰਘ | 14-75 |
| 4. | ਗੁਰੂ ਗ੍ਰੰਥ ਸੰਕੇਤ ਕੋਸ਼ | ਪਿਆਰਾ ਸਿੰਘ ਪਦਮ | 20-50 |
| 5. | ਗੁਰੂ ਗ੍ਰੰਥ ਵਿਚਾਰ ਕੋਸ਼ | ਪਿਆਰਾ ਸਿੰਘ ਪਦਮ | 12-00 |
| 6. | ਜਨਮ ਸਾਖੀ ਪਰੰਪਰਾ | ਕ੍ਰਿਪਾਲ ਸਿੰਘ | 12-75 |
| 7. | ਸਿੱਖ ਧਰਮ ਦਰਸ਼ਨ | ਸਰਦੂਲ ਸਿੰਘ ਕਵੀਸ਼ਰ | 10-00 |
| 8. | ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ | ਕ੍ਰਿਪਾਲ ਸਿੰਘ | 11-75 |
| 9. | ਨਾਨਕ ਸਿੰਘ-ਜੀਵਨ ਤੇ ਰਚਨਾ | ਸੰਪਾ. ਜੀਤ ਸਿੰਘ ਸੀਤਲ | 5-60 |
| 10. | ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ) | | 9-50 |
| 11. | ਪੰਜਾਬੀ ਆਲੋਚਨਾ ਸਾਹਿਤ ਪੁਸਤਕ ਸੂਚੀ | ਹਾਕਮ ਸਿੰਘ ਤੇ ਅਮਰ ਸਿੰਘ ਸੈਣੀ | 2-50 |
| 12. | ਉੱਦਾਤ ਬਾਰੇ | ਹਰਭਜਨ ਸਿੰਘ | 4-50 |
| 13. | ਉਪਨਿਆਸ ਦੀ ਬਣਤਰ | ਐਡਵਿਨ ਮਿਊਰ | 2-75 |
| 14. | ਪੰਜਾਬੀ ਸਾਹਿਤ ਵਿਚ ਆਧੁਨਿਕਤਾ | ਸੰਪਾ. ਗੁਰਦਿੱਤ ਸਿੰਘ ਪ੍ਰੇਮੀ | 1-40 |
| 15. | ਪੰਜਾਬੀ ਲਿੱਪੀ ਦਾ ਵਿਕਾਸ | ਡਾ. ਕਾਲਾ ਸਿੰਘ ਬੇਦੀ | 15-50 |
| 16. | ਪੰਜਾਬੀ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ | ਹਰਕੀਰਤ ਸਿੰਘ | 2-50 |
| 17. | ਪੰਜਾਬੀ ਬਾਰੇ | ਹਰਕੀਰਤ ਸਿੰਘ | 3-20 |
| 18. | ਈਸ਼ਵਰ ਚੰਦਰ ਨੰਦਾ ਦੇ ਸਾਰੇ ਦੇ ਸਾਰੇ ਡਰਾਮੇ | | 20-00 |
| 19. | ਈਸ਼ਵਰ ਚੰਦਰ ਨੰਦਾ ਦੀਆਂ ਗਲਪ ਰਚਨਾਵਾਂ | | 12-00 |
| 20. | ਈਸ਼ਵਰ ਚੰਦਰ ਨੰਦਾ ਦੀਆਂ ਗੱਦ ਰਚਨਾਵਾਂ | | 4-25 |
| 21. | ਪੰਜਾਬੀ ਲੋਕ ਸਾਹਿਤ ਵਿਚ ਸੈਨਿਕ | ਦਵਿੰਦਰ ਸਤਿਆਰਥੀ | 6-00 |
| 22. | ਨੰਦ ਲਾਲ ਨੂਰਪੁਰੀ ਕਾਵਿ ਸੰਗ੍ਰਹਿ | ਸੰਪਾ. ਮੋਹਨ ਸਿੰਘ | 6-50 |
| 23. | ਚਾਤ੍ਰਿਕ ਰਚਨਾਵਲੀ | | 28-40 |
| 23. | ਜੀਵ ਤੇ ਮੁਕਤੀ | ਕਵੀ ਕਾਲੀਦਾਸ ਗੁਜਰਾਂਵਾਲਾ | 6-50 |
| 25. | ਫ਼ਿਲਾਸਫ਼ੀ ਦੀ ਕਹਾਣੀ | ਵਿੱਲ ਡੂਰੈਂਟ | 12-00 |
| 26. | ਗੁਰੂ ਨਾਨਕ ਸੰਬੰਧੀ ਤਿੰਨ ਖੋਜ ਪੱਤਰ | ਗੁਲਵੰਤ ਸਿੰਘ, ਪਿਆਰ ਸਿੰਘ ਤੇ ਜੀ. ਐਸ. ਤਾਲਿਬ | 2-00 |

27. ਅੰਗ੍ਰੇਜ਼ੀ ਪੰਜਾਬੀ ਕੋਸ਼ 17-00
ਇਸ ਕੋਸ਼ ਦੀਆਂ ਸਾਡੇ ਪਾਸ ਬਹੁਤ ਥੋੜੀਆਂ ਕਾਪੀਆਂ ਸਟਾਕ ਵਿਚ ਹਨ । ਸੋ, ਤੁਰੰਤ ਇਹ ਕੋਸ਼ ਸਾਥੋਂ ਜਾਂ ਸਾਡੀਆਂ ਏਜੰਸੀਆਂ ਤੋਂ ਖ਼ਰੀਦਣ ਲਈ ਆਰਡਰ ਭੇਜੋ ।

ਪ੍ਰਕਾਸ਼ਨ ਤੇ ਬਿਕਰੀ ਅਫ਼ਸਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Key No. 43/77-78



ਕਿਸ਼ਨ ਸਿੰਘ

## ਅੰਦਰੂਨੀ ਵਿਰੋਧ

ਪਿਛਲੇ ਮਹੀਨੇ ਇਸ ਲੜੀ ਦਾ ਲੇਖ ਇਹਨਾਂ ਸ਼ਬਦ ਨਾਲ ਮੁਕਿਆ ਸੀ :...ਗਲਤੀਆਂ ਦੇ ਬਾਵਜੂਦ ਮਾਰਕਸਵਾਦ ਦੀ ਸਮਝ ਹੋਣ ਕਰਕੇ ਉਹ (ਮਾਰਕਸਵਾਦੀ ਪਾਰਟੀ ਤੇ ਉਸ ਦਾ ਕਾਡਰ) ਪੈਰਾਂ ਤੋਂ ਨਹੀਂ ਉੱਖੜਦੇ, ਮੂਧੇ-ਮੂੰਹ ਨਹੀਂ ਡਿੱਗਦੇ । ਮੂਧੇ-ਮੂੰਹ ਉਹ ਇਸ ਵਾਸਤੇ ਨਹੀਂ ਡਿਗਦੇ ਕਿ ਉਹਨਾਂ ਨੂੰ ਮਾਰਕਸਵਾਦ ਦੀ ਦਿਤੀ ਗੁੜ੍ਹਤੀ ਹੀ ਇਹ ਹੁੰਦੀ ਹੈ ਕਿ ਜਾਲ ਸੁਟਣਾ ਹੈ ਸਮਾਜ ਵਿਚਲੇ ਬੁਨਿਆਦੀ, ਮੁਖ ਵਿਰੋਧ ਉਤੇ । ਕੀਲਣਾ ਹੈ ਉਸ ਨੂੰ । ਅਤੇ ਜਿਧਰੋਂ ਜਿਧਰੋਂ ਉਹ ਜਾਵੇ, ਜਿਧਰ ਜਿਧਰ ਦੀ ਜਾਵੇ ਤੇ ਜਿਧਰ ਜਿਧਰ ਨੂੰ ਜਾਵੇ, ਉਸ ਦੇ ਸਿਰ ਹੀ ਰਹਿਣਾ ਹੈ ।

ਸਮਾਜ ਵਿਚਲਾ ਬੁਨਿਆਦੀ, ਮੁਖ ਵਿਰੋਧ ਕੀ ਹੈ ? ਅੰਦਰੂਨੀ ਵਿਰੋਧ ਕੀ ਹੁੰਦਾ ਹੈ ? ਇਸ ਨੂੰ ਜ਼ਰਾ ਵਿਸਥਾਰ ਵਿਚ ਅਤੇ ਸਪੱਸ਼ਟ ਰੂਪ ਵਿਚ ਸਮਝ ਲੈਣਾ ਚਾਹੀਦਾ ਹੈ, ਕਿਉਂਕਿ ਤੋਰ ਦਾ ਮੂਲ ਹੀ ਇਹ ਹੈ ।

ਇਤਿਹਾਸ ਦੀ ਤੋਰ, ਸਮਾਜ ਦੀ ਇਤਿਹਾਸਕ ਉਸਾਰੀ objective ਵੇਗ ਹੈ । ਏਥੇ ਬੰਦੇ ਦੀ ਮਨ-ਮਰਜ਼ੀ ਨਹੀਂ ਚਲਦੀ । ਇਹ ਨਹੀਂ ਕਿ ਮਨੁਖੀ ਅੰਗ ਸਮਾਜ ਦੀ ਤੋਰ ਨੂੰ ਜਿਧਰ ਜੀਅ ਕਰੇ ਤੋਰ ਲਵੇ ਤੇ ਜਿਥੇ ਜੀਅ ਕਰੇ ਖਲਿਹਾਰ ਲਵੇ । ਦੂਸਰੇ ਪਾਸੇ ਇਹ ਵੀ ਸਾਫ਼ ਹੈ ਕਿ ਸਮਾਜ ਵਿਚ ਜੋ ਕੁਛ ਹੁੰਦਾ ਹੈ ਕੀਤਾ ਅੰਤ ਬੰਦੇ ਦਾ ਹੀ ਹੁੰਦਾ ਹੈ । ਉਸ ਦੇ ਕੀਤੇ ਬਗ਼ੈਰ ਕੁਛ ਹੋ ਹੀ ਨਹੀਂ ਸਕਦਾ । ਹੁਣ ਵੇਖਣਾ ਇਹ ਹੈ ਕਿ ਇਹਨਾਂ ਦੋਹਾਂ ਵੇਗਾਂ ਦਾ, ਇਹਨਾਂ ਦੋਹਾਂ ਧਿਰਾਂ ਦਾ ਆਪਸ ਵਿਚ ਜੋੜ ਹੈ ਕਿਥੇ ਤੇ ਕਿਸ ਤਰ੍ਹਾਂ ? ਸਮਾਜ ਦੀ ਉਸਾਰੀ ਦਾ ਬੁਨਿਆਦੀ ਕਾਰਨ, ਉਸਦਾ ਅਸਲ ਸਿਰਜਣਹਾਰ ਹੈ—ਉਸ ਦੇ ਅੰਦਰਲਾ, ਉਸਦੇ ਆਪਣੇ ਢਿੱਡ ਵਿਚਲਾ ਵਿਰੋਧ । (inner contradiction) ਇਹ ਵਿਰੋਧ ਹੈ ਕਿਹੜਾ ? ਇਹ ਹੈ ਨਵੇਂ ਤੇ ਪੁਰਾਣੇ ਦਾ ਆਪਸ ਵਿਚ ਵਿਰੋਧ, ਪੈਦਾ ਹੋ ਰਹੇ ਤੇ ਢਲ ਰਹੇ, ਮਰ ਰਹੇ ਦਾ ਆਪਸ ਵਿਚ ਵਿਰੋਧ । ਮੂਲ ਰੂਪ ਵਿਚ, ਪੈਦਾਵਾਰ ਦੀਆਂ ਸ਼ਕਤੀਆਂ ਦਾ ਪੈਦਾਵਾਰ ਦੇ ਕਾਬਜ਼ ਰਿਸ਼ਤਿਆਂ ਨਾਲ ਵਿਰੋਧ ।

ਸਮਾਜ ਦਾ ਸਿਰਜਣਹਾਰ ਬਣਨ ਵਾਸਤੇ ਇਸ ਵਿਰੋਧ ਵਿਚ ਮਨੁਖੀ ਅੰਗ ਕਿਹੜੇ ਦਰਵਾਜ਼ਿਉਂ ਅੰਦਰ ਆਉਂਦਾ ਹੈ ? ਆਪੋ ਆਪਣੇ ਹਿੱਤ ਅਨੁਸਾਰ, ਆਪੋ ਆਪਣੀ ਰੁਚੀ ਅਨੁਸਾਰ, ਆਪੋ ਆਪਣੀ ਚੇਤਨਤਾ ਅਨੁਸਾਰ ਸਮਾਜ ਦਾ ਇਕ ਧੜਾ ਪੁਰਾਣੇ ਨਾਲ ਬੱਝ ਜਾਂਦਾ ਹੈ ਤੇ ਦੂਸਰਾ ਨਵੇਂ ਦਾ ਮੁਦੱਈ ਬਣ ਤੁਰਦਾ ਹੈ । ਜਾਂ ਹੋਰ ਸਪੱਸ਼ਟ ਤੌਰ 'ਤੇ ਇੰਜ ਕਿਹਾ ਜਾ ਸਕਦਾ ਹੈ ਕਿ ਸਮਾਜ ਦਾ ਇਕ ਧੜਾ ਆਪਣੇ ਹਿੱਤ ਤੇ ਉਸ ਦੇ ਅਨੁਸਾਰੀ ਚੇਤਨਤਾ ਅਨੁਸਾਰ ਸਮਾਜ ਦੇ ਕਾਬਜ਼ ਰਿਸ਼ਤਿਆਂ ਦਾ ਰਾਖਾ ਹੋ ਖਲੋਂਦਾ ਹੈ ਤੇ ਦੂਸਰਾ ਪੈਦਾਵਾਰ ਦੀਆਂ ਸ਼ਕਤੀਆਂ ਦੇ ਵਿਕਾਸ ਨੂੰ ਆਪਣਾ ਨਿਸ਼ਾਨਾ

ਸੋ ਪਾਰਟੀ ਜਮਾਤੀ ਜਦੋ-ਜਹਿਦ ਬਾਬਤ ਦੂਰੋਂ ਬੈਠੀ ਕਿਆਫ਼ੇ ਨਹੀਂ ਲਾਉਂਦੀ। ਸਾਇੰਸਦਾਨ ਵਾਲਾ ਤਰੀਕਾ ਹੀ ਅਖ਼ਤਿਆਰ ਕਰਦੀ ਹੈ। ਸਾਇੰਸਦਾਨ ਦੇ ਕੁਦਰਤ ਦੇ ਕਾਨੂੰਨ ਸਮਝਣ ਵਾਂਗ ਹੀ ਪਾਰਟੀ ਜਮਾਤੀ ਜਦੋ-ਜਹਿਦ ਦੀ ਚਾਲ ਸਮਝਣ ਦੇ ਮਗਰ ਪੈਂਦੀ ਹੈ। ਜਮਾਤੀ ਨੁਕਤੇ ਤੋਂ ਸਮਾਜ ਦਾ ਵਿਸ਼ਲੇਸ਼ਣ ਕਰਨ ਵਾਸਤੇ ਠੋਸ ਨਿੱਗਰ ਖੋਜ ਕਰਦੀ ਹੈ। ਵੱਖ ਵੱਖ ਜਮਾਤਾਂ ਦੀ ਉਸਾਰੀ ਦੀ ਸਟੇਜ ਸਮਝਦੀ ਹੈ। ਉਹ ਆਪਣੀ ਔਧ ਦੀ ਕਿਸ ਮੰਜ਼ਲ 'ਤੇ ਹਨ ਇਸ ਦਾ ਪਤਾ ਲੈਂਦੀ ਹੈ। ਹਰ ਜਮਾਤ ਦਾ ਕਰਤੱਵ, ਉਸ ਦਾ ਰੋਲ ਟੁਣਕਾਉਂਦੀ ਹੈ ਅਤੇ ਸਭ ਜਮਾਤਾਂ ਦੇ ਆਪਸ ਵਿਚ ਰਿਸ਼ਤਿਆਂ ਬਾਬਤ ਤਸੱਲੀਬਖ਼ਸ਼ ਨਤੀਜਿਆਂ 'ਤੇ ਪਹੁੰਚਦੀ ਹੈ। ਦੂਸਰੇ ਲਫ਼ਜ਼ਾਂ ਵਿਚ, ਉਹ ਜਮਾਤੀ ਜਦੋ-ਜਹਿਦ ਦੇ objective ਵੇਗ ਦੀ ਸਾਇੰਟਿਫਿਕ ਵਿਆਖਿਆ ਕਰਦੀ ਹੈ।

ਸਮਾਜ ਦੀ ਉਸਾਰੀ ਦੇ ਵੇਗ ਵਿਚ ਅੰਦਰੂਨੀ ਵਿਰੋਧ ਤਾਂ ਬਥੇਰੇ ਹੁੰਦੇ ਹਨ ਪਰ ਉਹਨਾਂ ਸਭ ਦੀ ਅਹਿਮੀਅਤ ਇਕੋ ਜਿਹੀ ਨਹੀਂ ਹੁੰਦੀ। ਉਸਾਰੀ ਦੇ ਵੇਗ ਦੀ ਹਰ ਸਟੇਜ ਉਤੇ ਉਹਨਾਂ ਸਭ ਵਿਰੋਧਾਂ ਵਿਚੋਂ ਸਿਰਫ਼ ਇਕ ਹੀ ਵਿਰੋਧ ਐਸਾ ਹੁੰਦਾ ਹੈ ਜੋ ਲਾਜ਼ਮੀ ਬੁਨਿਆਦੀ ਤੇ ਮੋਹਰੀ ਹੁੰਦਾ ਹੈ। ਕੋਈ ਸਟੇਜ ਵੀ ਐਸੀ ਨਹੀਂ ਹੁੰਦੀ ਜਿੱਥੇ ਇਕ ਹੀ ਵਿਰੋਧ ਬੁਨਿਆਦੀ ਤੇ ਮੋਹਰੀ (principal) ਨਾ ਹੋਵੇ। ਇਹ ਬੁਨਿਆਦੀ ਵਿਰੋਧ ਹੀ ਉਸ ਵੇਲੇ ਸਮਾਜ ਦੀ ਤੋਰ ਦਾ, ਜਮਾਤੀ ਜਦੋ-ਜਹਿਦ ਦੀ ਤੋਰ ਦਾ ਧੁਰਾ ਹੁੰਦਾ ਹੈ, ਅਤੇ ਇਹ ਹੀ ਮੋਹਰੀ ਤੇ ਫ਼ੈਸਲਾਕੁਨ ਰੋਲ ਅਦਾ ਕਰਦਾ ਹੈ। ਇਸ ਵਿਰੋਧ ਦੀ ਹੋਂਦ ਤੇ ਉਸਾਰੀ ਹੀ ਬਾਕੀ ਸਭਨਾਂ 'ਤੇ ਅਸਰ ਪਾਉਂਦੀ, ਉਹਨਾਂ ਨੂੰ ਆਪਣੀ ਰੰਗਤ ਦੇਂਦੀ ਹੈ। ਜਮਾਤੀ ਸਮਾਜ ਵਿਚ ਇਹ ਮੋਹਰੀ ਵਿਰੋਧ ਆਪਸ ਵਿਚ ਵਿਰੋਧੀ ਜਮਾਤਾਂ ਦੇ ਦਰਮਿਆਨ ਰਿਸ਼ਤਾ ਹੁੰਦਾ ਹੈ। ਇਹ ਰਿਸ਼ਤਾ ਹੀ ਧੁਰਾ ਬਣ ਕੇ ਉਸ ਵੇਲੇ ਦੇ ਸਮਾਜ ਦੇ ਵੇਗ ਨੂੰ ਚਲਾਉਂਦਾ ਹੈ। ਇਸ ਰਿਸ਼ਤੇ ਦੇ, ਇਸ ਵਿਰੋਧ ਦੇ ਦੋਵੀਂ ਪਾਸੀਂ ਦੋ ਧਿਰਾਂ ਹੁੰਦੀਆਂ ਹਨ। ਇਹਨਾਂ ਦੋਹਾਂ ਧਿਰਾਂ ਵਿਚੋਂ ਇਕ ਧਿਰ ਭਾਰੂ ਹੁੰਦੀ ਹੈ ਅਤੇ ਦੂਸਰੀ ਹੀਣੀ। ਸਮਾਜਕ ਵੇਗ ਦਾ ਜੁੱਸਾ ਇਸ ਭਾਰੂ ਧਿਰ ਮਗਰ ਜਾਂਦਾ ਹੈ। ਵਿਰੋਧ ਦੀ ਭਾਰੂ ਜੁਜ਼ ਹੀ ਸਮਾਜਕ ਵੇਗ ਵਿਚ ਅਗੇਤ ਹੁੰਦੀ ਹੈ। ਉਸ ਦੀ ਹੀ ਸਮਾਜਕ ਵੇਗ ਉਤੇ ਸਰਦਾਰੀ ਹੁੰਦੀ ਹੈ। ਸਾਇੰਸਦਾਨ ਦੇ ਕੁਦਰਤ ਦੇ ਕਾਨੂੰਨ ਨੂੰ ਸਮਝਣ ਵਾਂਗ ਜਮਾਤੀ ਜਦੋ-ਜਹਿਦ ਦੀ ਨਾੜ ਨੂੰ ਸਮਝਣ ਵਾਸਤੇ ਇਕ ਤਾਂ ਬੁਨਿਆਦੀ, ਮੋਹਰੀ ਵਿਰੋਧ ਨੂੰ ਪਛਾਨਣਾ ਲਾਜ਼ਮੀ ਹੈ ਅਤੇ ਦੂਸਰੇ ਉਸ ਵਿਰੋਧ ਬਾਬਤ ਇਹ ਜਾਣਨਾ ਜ਼ਰੂਰੀ ਹੈ ਕਿ ਉਸ ਵਿਚ ਭਾਰੂ ਧਿਰ ਕਿਹੜੀ ਹੈ? ਮੋਹਰੀ ਵਿਰੋਧ ਤੇ ਮੋਹਰੀ ਵਿਰੋਧ ਦੀ ਮੋਹਰੀ ਜੁਜ਼ ਨੂੰ ਸਮਝਿਆਂ ਬਗ਼ੈਰ ਚਲ ਰਹੀ ਜਮਾਤੀ ਜਦੋ-ਜਹਿਦ ਪੱਲਾ ਨਹੀਂ ਫੜਾਉਂਦੀ। ਜਦੋਂ ਮੋਹਰੀ ਵਿਰੋਧ ਤੇ ਉਸ ਦੀ ਮੋਹਰੀ ਜੁਜ਼ ਹੱਥ ਵਿਚ ਆ ਜਾਵੇ ਤਾਂ ਰਸਤਾ ਦਿਸ ਪੈਂਦਾ ਹੈ, ਮਸਲੇ ਦੀ ਘੁੰਡੀ ਹੱਥ ਵਿਚ ਆ ਜਾਂਦੀ ਹੈ ਤੇ ਉਸ ਦੇ ਹੱਲ ਦੀ ਹਿੱਕ ਨੂੰ ਹੱਥ ਪੈਣਾ ਮੁਮਕਿਨ ਹੋ ਜਾਂਦਾ ਹੈ। ਜੇ ਖੋਜ ਤੇ ਅਕਲ ਇਹਨਾਂ ਦੀ ਸਮਝ ਵਿਚ ਟਪਲਾ ਖਾ ਜਾਣ ਤਾਂ ਹੱਥ ਪੱਲੇ ਅੰਨ੍ਹੇ ਦੇ ਬੋਹ ਵਾਲੀਆਂ ਟੱਕਰਾਂ ਮਾਰਨੀਆਂ ਹੀ ਰਹਿ ਜਾਂਦੀਆਂ ਹਨ।

ਮੋਹਰੀ ਵਿਰੋਧ ਤੇ ਉਸ ਦੀ ਮੋਹਰੀ ਜੁਜ਼ ਦਾ ਨੁਕਤਾ ਮਿਸਾਲ ਲਿਆਂ ਸਪੱਸ਼ਟ ਹੋ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਸਰਮਾਏਦਾਰੀ ਵਿਚ ਬੁਨਿਆਦੀ, ਮੋਹਰੀ ਵਿਰੋਧ ਹੁੰਦਾ ਹੈ ਬੁਰਜਵਾਜ਼ੀ ਤੇ ਪਰੋਲਤਾਰੀ ਦਾ ਆਪਸ ਵਿਚ ਵਿਰੋਧ। ਇਸ ਵਿਰੋਧ ਦੀਆਂ ਆਪਸ ਵਿਚ ਮੁਖ਼ਾਲਫ਼ ਤਾਕਤ ਹੁੰਦੀਆਂ ਹਨ—ਬੁਰਜਵਾਜ਼ੀ ਤੇ ਪਰੋਲਤਾਰੀ। ਇਹਨਾਂ ਦੋਹਾਂ ਧਿਰਾਂ ਦਾ ਆਪਸ ਵਿਚ ਰਿਸ਼ਤਾ ਹੀ ਸਮਾਜ ਦਾ



ਬੁਨਿਆਦੀ ਰਿਸ਼ਤਾ ਹੁੰਦਾ ਹੈ। ਇਹ ਉਹ ਧੁਰਾ ਹੁੰਦਾ ਹੈ ਜੋ ਸਾਰੇ ਨਿਜ਼ਾਮ ਨੂੰ ਚਲਾਉਂਦਾ ਹੈ। ਇਸ ਸਮਾਜ ਵਿਚ ਇਸ ਬੁਨਿਆਦੀ ਵਿਰੋਧ ਤੋਂ ਉਤਰਕੇ ਹੋਰ ਵਿਰੋਧ ਵੀ ਹੁੰਦੇ ਹਨ, ਮਿਸਾਲ ਦੇ ਤੌਰ 'ਤੇ ਬਚੀ ਖੁਚੀ ਫ਼ੀਊਡਲ ਜਮਾਤ ਦਾ ਬੁਰਜਵਾਜ਼ੀ ਨਾਲ, ਪਿੰਡ ਦੀ ਨਿਗੂਣੀ ਬੁਰਜਵਾਜ਼ੀ ਦਾ ਬੁਰਜਵਾਜ਼ੀ ਨਾਲ, ਪਿੰਡ ਦੀ ਨਿਗੂਣੀ ਬੁਰਜਵਾਜ਼ੀ ਦਾ ਪਰੋਲਤਾਰੀ ਨਾਲ, ਲਿਬਰਲ ਬੁਰਜਵਾਜ਼ੀ ਦਾ ਅਜਾਰਾਦਾਰ ਬੁਰਜਵਾਜ਼ੀ ਨਾਲ, ਬੁਰਜਵਾ ਜਮਹੂਰ ਦਾ ਬੁਰਜਵਾ ਫ਼ਾਸ਼ਿਜ਼ਮ ਨਾਲ, ਇਕ ਮੁਲਕ ਦੀ ਬੁਰਜਵਾਜ਼ੀ ਦਾ ਦੂਸਰੇ ਮੁਲਕ ਦੀ ਬੁਰਜਵਾਜ਼ੀ ਨਾਲ ਅਤੇ ਸਾਮਰਾਜ ਦਾ ਆਪਣੀਆਂ ਨੌਆਬਾਦੀਆਂ, ਆਪਣੇ ਅਧੀਨ ਮੁਲਕਾਂ ਨਾਲ। ਪਰ ਇਹ ਸਾਰੇ ਵਿਰੋਧ ਦੋਮ ਸੋਮ ਦਰਜੇ ਦੇ ਵਿਰੋਧ ਹੁੰਦੇ ਹਨ। ਬੁਨਿਆਦੀ ਵਿਰੋਧ ਦੀ ਸਿਰਜਣਾ ਹੁੰਦੇ ਹਨ। ਉਸ ਤੋਂ ਪ੍ਰਭਾਵਤ ਹੁੰਦੇ ਹਨ। ਪਰ ਸਰਮਾਏਦਾਰੀ ਵਿਚ ਬੁਨਿਆਦੀ ਵਿਰੋਧ ਹੈ ਬੁਰਜਵਾਜ਼ੀ ਤੇ ਪਰੋਲਤਾਰੀ ਦਾ ਆਪਸ ਵਿਚ ਰਿਸ਼ਤਾ। ਇਸ ਮੁਖ ਵਿਰੋਧ ਦੀ ਭਾਰੂ ਧਿਰ, ਭਾਰੂ ਜੁਜ਼ ਹੁੰਦੀ ਹੈ ਬੁਰਜਵਾਜ਼ੀ ਤੇ ਹੀਣੀ ਧਿਰ ਹੁੰਦੀ ਹੈ ਪਰੋਲਤਾਰੀ। ਚੂੰਕਿ ਭਾਰੂ ਜੁਜ਼ ਬੁਰਜਵਾਜ਼ੀ ਹੁੰਦੀ ਹੈ ਇਸ ਵਾਸਤੇ ਸਮਾਜ ਦੀ ਬਣਤਰ ਬੁਰਜਵਾ ਹੁੰਦੀ ਹੈ। ਸਰਮਾਏਦਾਰੀ ਦੇ ਵਿਰੁਧ ਇਨਕਲਾਬ ਤਾਂ ਹੀ ਆ ਸਕਦਾ ਹੈ, ਸਮਾਜਵਾਦ ਨੂੰ ਰਾਹ ਤਾਂ ਹੀ ਖੁਲ੍ਹ ਸਕਦਾ ਹੈ ਜੇ ਬੁਰਜਵਾਜ਼ੀ ਦੀ ਥਾਂ ਇਸ ਵਿਰੋਧ ਵਿਚ ਭਾਰੂ ਜੁਜ਼ ਪਰੋਲਤਾਰੀ ਤੇ ਉਸਦੀਆਂ ਸਕੀਆਂ ਸੋਦਰੀਆਂ ਜਮਾਤਾਂ ਬਣ ਜਾਣ।

ਮਾਰਕਸਵਾਦ ਦਾ, ਮਾਰਕਸਵਾਦੀ ਪਾਰਟੀ ਤੇ ਉਸ ਦੇ ਕਾਡਰ ਦਾ ਕੰਮ ਹੀ ਪਰੋਲਤਾਰੀ ਦੇ ਬੁਨਿਆਦੀ ਵਿਰੋਧ ਦੀ ਹੀਣੀ ਜੁਜ਼ ਤੋਂ ਉਸ ਦੀ ਭਾਰੂ ਜੁਜ਼ ਹੋਣ ਵਿਚ ਮਦਦ ਕਰਨਾ ਹੈ। ਵੀਤ-ਨਾਮ ਦੀ ਮਿਸਾਲ ਲੈਂਦੇ ਹਾਂ। ਜਦੋਂ ਉਸ ਉਤੇ ਅਮ੍ਰੀਕਨ ਸਾਮਰਾਜ ਨੇ ਸਿੱਧਾ ਫ਼ੌਜੀ ਹਮਲਾ ਕੀਤਾ ਤਾਂ ਸਮਾਜ ਵਿਚਲੀਆਂ ਸਭ ਜਮਾਤਾਂ ਦੇ ਆਪਸ ਵਿਚਲੇ ਵਿਰੋਧ ਮਾਤ ਪੈ ਗਏ। ਮੁਖ ਵਿਰੋਧ ਹੋ ਗਿਆ ਇਕ ਪਾਸੇ ਅਮ੍ਰੀਕਨ ਸਾਮਰਾਜ, ਮੁਲਕ ਦੇ ਗੱਦਾਰ, ਦਲਾਲ ਬੁਰਜਵਾਜ਼ੀ ਤੇ ਜਿਨ੍ਹਾਂ ਨੂੰ ਉਹਨਾਂ ਨੇ ਨੱਪ ਘੁਟ ਕੇ ਜਾਂ ਵਰਗਲਾਕੇ ਆਪਣੇ ਨਾਲ ਲਾ ਲਿਆ, ਤੇ ਦੂਸਰੇ ਪਾਸੇ ਮੁਲਕ ਦੀਆਂ ਤਕਰੀਬਨ ਸਾਰੀਆਂ ਜਮਾਤਾਂ। ਅਮ੍ਰੀਕਨ ਸਾਮਰਾਜ ਦੇ ਮੁਲਕ ਉਤੇ ਹਮਲੇ ਨਾਲ ਇਹ ਮੁਮਕਿਨ ਹੋ ਗਿਆ ਕਿ ਸਮਾਜ ਦੀਆਂ ਤਕਰੀਬਨ ਸਭ ਜਮਾਤਾਂ ਆਰਜ਼ੀ ਤੌਰ 'ਤੇ ਇਕੱਠੀਆਂ ਹੋਕੇ ਸਾਮਰਾਜ ਦੇ ਵਿਰੁਧ ਰਾਸ਼ਟਰੀ ਜੰਗ ਲੜਨ। ਸੋ ਮੁਖ ਵਿਰੋਧ ਹੋ ਗਿਆ ਇਕ ਪਾਸੇ ਸਾਮਰਾਜ ਦੇ ਦੂਸਰੇ ਪਾਸੇ ਵੀਤਨਾਮ। ਜਿੰਨਾਂ ਚਿਰ ਸਾਮਰਾਜ ਦੀ ਫ਼ੌਜੀ ਤਾਕਤ ਦੀ ਚੜ੍ਹਤ ਸੀ, ਓਨਾ ਚਿਰ ਇਸ ਵਿਰੋਧ ਦੀ ਭਾਰੂ ਜੁਜ਼ ਸਾਮਰਾਜ ਸੀ; ਪਰ ਜਦੋਂ ਲੰਮੀਂ ਜੰਗ ਰਾਹੀਂ ਸਾਮਰਾਜੀ ਫ਼ੌਜਾਂ ਨੂੰ ਵੀਤਨਾਮੀਆਂ ਹੌਲਿਆਂ ਕਰ ਲਿਆ ਤਾਂ ਭਾਰੂ ਜੁਜ਼ ਵੀਤਨਾਮੀ ਹੋ ਗਏ ਅਤੇ ਮੁਲਕ ਆਜ਼ਾਦ ਹੋ ਗਿਆ। ਮੁਲਕ ਦੀ ਮਾਰਕਸਵਾਦੀ ਪਾਰਟੀ ਨੇ ਮੁਲਕ ਦੀ ਵਸੋਂ ਨੂੰ ਜ਼ੇਰ ਤੋਂ ਜ਼ਬਰ ਹੋਣ ਵਿਚ ਉਸ ਦੀ ਮਦਦ ਕੀਤੀ, ਉਸ ਦੀ ਅਗਵਾਈ ਕੀਤੀ, ਉਸ ਨੂੰ ਜਥੇਬੰਦ ਕੀਤਾ।

ਤੀਸਰੀ ਦੁਨੀਆਂ ਦੇ ਮੁਲਕਾਂ ਨੂੰ ਆਪਣੇ ਪੰਜੇ ਹੇਠ ਰੱਖਣ ਵਾਸਤੇ ਸਾਮਰਾਜ ਉਹਨਾਂ ਉਤੇ ਹਰ ਵੇਲੇ, ਹਰ ਇਕ 'ਤੇ ਸਿੱਧੀ ਫ਼ੌਜੀ ਕਾਰਵਾਈ ਨਾ ਕਰਦਾ ਹੈ, ਨਾ ਕਰ ਹੀ ਸਕਦਾ ਹੈ। ਉਹ ਉਹਨਾਂ ਉਤੇ ਆਰਥਕ, ਸਿਆਸੀ, ਕਲਚਰਲ ਦਬਾਅ ਪਾਉਂਦਾ ਹੈ। ਉਹਨਾਂ ਦੀਆਂ ਹਾਕਮ ਜਮਾਤਾਂ ਨੂੰ ਆਪਣੇ ਜ਼ੇਰ ਕਰਕੇ, ਵਸੋਂ ਦੀ ਲੁਟ ਖਸੁਟ ਵਾਸਤੇ ਆਪਣਾ ਸਾਂਝੀ ਬਣਾਉਂਦਾ ਹੈ। ਇਹ ਦੋਵੇਂ ਧਿਰਾਂ ਇਸ ਭਿਆਲੀ ਰਾਹੀਂ ਲੋਕਾਂ 'ਤੇ ਭਾਰੂ ਹੁੰਦੀਆਂ ਹਨ। ਐਸੀ ਹਾਲਤ ਵਿਚ ਬੁਨਿਆਦੀ ਵਿਰੋਧ ਲੋਕਾਂ ਤੇ ਮੁਲਕ ਦੀਆਂ ਹਾਕਮ ਜਮਾਤਾਂ ਦੇ ਦਰਮਿਆਨ ਹੁੰਦਾ ਹੈ, ਜਿਨ੍ਹਾਂ ਨੂੰ ਕਿ

ਸਿੱਧੀ ਜਾਂ ਵਿੰਗੀ ਸਾਮਰਾਜ ਦੀ ਹਿਮਾਇਤ ਹਾਸਿਲ ਹੁੰਦੀ ਹੈ। ਐਸੀ ਹਾਲਤ ਵਿਚ ਲਾਜ਼ਮੀ ਹੁੰਦਾ ਹੈ ਕਿ ਲੋਕ ਵਿਰੋਧ ਦੀ ਭਾਰੂ ਜੁਜ਼ ਬਣਨ ਵਾਸਤੇ, ਆਪਣੀ ਆਜ਼ਾਦੀ ਲੈਣ ਵਾਸਤੇ ਆਪਣੀਆਂ ਹਾਕਮ ਜਮਾਤਾਂ ਦੇ ਵਿਰੁਧ ਜਮਾਤੀ ਜਦੋ-ਜਹਿਦ ਵਿਢਣ। ਉਹਨਾਂ ਦਾ ਸਿੱਧਾ ਮੋਰਚਾ ਆਪਣੀਆਂ ਹਾਕਮ ਜਮਾਤਾਂ ਦੇ ਖ਼ਿਲਾਫ਼ ਹੋਵੇਗਾ। ਐਨ ਮੁਮਕਿਨ ਹੈ ਕਿ ਜਦੋਂ ਸਥਾਨਕ ਹਾਕਮ ਜਮਾਤਾਂ ਪੈਰਾਂ ਤੋਂ ਉਖੜਦੀਆਂ ਦਿੱਸਣ ਤਾਂ ਸਾਮਰਾਜ ਨੰਗਾ ਮੁੰਗਾ ਮੈਦਾਨੇ-ਜੰਗ ਵਿਚ ਉਤਰ ਆਵੇ। ਪਰ ਇਹਦੀ ਉਹ ਦੂਸਰੀ ਸਟੇਜ ਹੋਵੇਗੀ। ਵਿਰੋਧ ਦੀ ਲਾਈਨ ਬਦਲੇਗੀ। ਪਹਿਲੀ ਸਟੇਜ ਲਾਜ਼ਮੀ ਆਪਣੀਆਂ ਹਾਕਮ ਜਮਾਤਾਂ ਦੇ ਵਿਰੁਧ ਜਦੋ-ਜਹਿਦ ਹੈ।

ਮਾਰਕਸਵਾਦ ਤੇ ਉਸ ਦੀ ਪਾਰਟੀ ਵਾਸਤੇ ਸਮਾਜ ਵਿਚਲੇ ਮੁਖ ਵਿਰੋਧ ਤੇ ਮੁਖ ਵਿਰੋਧ ਦੀ ਭਾਰੂ ਧਿਰ ਨੂੰ ਸਮਝਣ ਦੀ ਅਹਿਮੀਅਤ ਕੀ ਹੈ? ਇਸ ਦੀ ਅਹਿਮੀਅਤ ਨੂੰ ਸਮਝਣ ਵਾਸਤੇ ਇਹ ਤੱਥ ਹਮੇਸ਼ਾਂ ਅੱਖਾਂ ਸਾਹਮਣੇ ਰਹਿਣਾ ਚਾਹੀਦਾ ਹੈ ਕਿ ਇਤਿਹਾਸ ਦਾ ਮਜ਼ਮੂਨ ਚਲਦੀ ਆਉਂਦੀ ਜਮਾਤੀ ਜਦੋ-ਜਹਿਦ ਹੈ। ਮਤਲਬ ਹੈ ਸਮਾਜ ਵਿਚ ਜੋ ਵੀ ਹੁੰਦਾ ਹੈ ਜਮਾਤਾਂ ਦੇ ਆਪਸ ਵਿਚ ਰਿਸ਼ਤਿਆਂ ਦਾ ਕੀਤਾ, ਜਮਾਤੀ ਜਦੋ-ਜਹਿਦ ਦਾ ਕੀਤਾ ਹੀ ਹੁੰਦਾ ਹੈ, ਵਿਰੋਧੀ ਜਮਾਤਾਂ ਦੀ ਤਾਕਤ ਦੇ ਆਪਸ ਵਿਚ ਤਵਾਜ਼ਨ ਦਾ ਸਿੱਟਾ ਹੀ ਹੁੰਦਾ ਹੈ। ਮਾਰਕਸਵਾਦ ਜਾਂ ਉਸ ਦੀ ਪਾਰਟੀ ਸਮਾਜਕ ਵੇਗ ਵਿਚ ਜੋ ਵੀ ਹੁੜਾ ਲਾਉਂਦੀ ਹੈ ਜਾਂ ਲਾ ਸਕਦੀ ਹੈ ਉਹ ਇਸ ਤਾਕਤ ਦੇ ਤਵਾਜ਼ਨ ਨੂੰ ਤਬਦੀਲ ਕਰਕੇ, ਇਸ ਦੇ ਰਾਹੀਂ ਹੀ ਲਾ ਸਕਦੀ ਹੈ। ਮਾਰਕਸਵਾਦ ਤੇ ਉਸ ਦੀ ਪਾਰਟੀ ਦੇ ਜਮਾਤੀ ਪੈਂਤੜੇ ਤੋਂ ਉਪਜਦਾ, ਉਸ ਦਾ ਮਨੋਰਥ ਸਮਾਜ ਦੀ ਇਤਿਹਾਸਕ ਉਸਾਰੀ ਦੇ ਕਾਨੂੰਨ ਨੂੰ ਸਿਰਫ਼ ਸਮਝਣਾ ਹੀ ਨਹੀਂ, ਸਗੋਂ ਸਮਝਣਾ ਹੀ ਇਸ ਵਾਸਤੇ ਹੈ ਕਿ ਉਸ ਸਮਝ ਰਾਹੀਂ ਸਮਾਜਕ ਵੇਗ, ਸਮਾਜਕ ਬਣਤਰ ਵਿਚ ਤਬਦੀਲੀ ਲਿਆਂਦੀ ਜਾਵੇ। ਚਲਦੀ ਜਮਾਤੀ ਜਦੋ-ਜਹਿਦ ਨੂੰ ਮਹਿਕੂਮਾਂ ਦੇ ਹੱਕੀ ਕੀਤਾ ਜਾਵੇ ਅਤੇ ਹਾਲਾਤ ਦੇ ਪ੍ਰਸੰਗ ਵਿਚ ਹਰ ਮੁਮਕਿਨ ਤਰੀਕੇ ਨਾਲ ਜ਼ੋਰ ਵਗਦੇ ਲੋਕਾਂ ਦੇ ਧੜੇ ਨੂੰ ਜ਼ਬਰ ਬਣਾਇਆ ਜਾਵੇ। ਮੁਖ ਵਿਰੋਧ ਤੇ ਉਸ ਵਿਰੋਧ ਦੀ ਭਾਰੂ ਜੁਜ਼ ਨੂੰ ਨਿਖੇੜਕੇ ਸਮਝਣ ਤੋਂ ਬਗ਼ੈਰ ਦੋਸਤ ਤੋਂ ਦੁਸ਼ਮਣ ਦੀ, ਆਪਣੇ ਤੋਂ ਪਰਾਏ ਦੀ ਤਮੀਜ਼ ਨਹੀਂ ਹੋ ਸਕਦੀ। ਉਹਨਾਂ ਦਾ ਆਪਸ ਵਿਚ ਨਿਖੇੜ ਨਹੀਂ ਹੋ ਸਕਦਾ। ਜਿਸ ਦੌਰ ਵਿਚ ਦੀ ਜਮਾਤੀ ਜਦੋ-ਜਹਿਦ ਲੰਘ ਰਹੀ ਹੈ ਉਸ ਦੌਰ ਵਿਚ, ਉਸ ਸਥਿਤੀ ਵਿਚ ਉਸ ਮੌਕੇ ਉਸ ਦੀ ਨੀਂਹ ਕਿਹੜੀ ਹੈ ਇਸ ਨੂੰ ਜਾਣਨ ਤੋਂ ਬਗ਼ੈਰ ਪਾਰਟੀ ਇਹ ਨਿਖੇੜ ਨਹੀਂ ਕਰ ਸਕਦੀ ਕਿ ਕਿਹੜੀਆਂ ਜਮਾਤਾਂ ਜਾਂ ਉਹਨਾਂ ਦੇ ਕਿਹੜੇ ਧੜੇ ਜਾਨੀ ਦੁਸ਼ਮਣ ਹਨ, ਕਿਹੜੀਆਂ ਐਸੀਆਂ ਹਨ ਜੋ ਨਿਰਪੱਖ (neutralize) ਕੀਤੀਆਂ ਜਾ ਸਕਦੀਆਂ ਹਨ ਅਤੇ ਕਿਨ੍ਹਾਂ ਵਾਸਤੇ ਸਾਥ ਦੇਣਾ ਮੁਮਕਿਨ ਹੈ ਅਤੇ ਕਿਸ ਹੱਦ ਤਕ। ਇਸ ਸਮਝ ਉਤੇ ਹੀ ਪਾਰਟੀ ਦੀ ਸਿਆਸੀ ਲਾਈਨ ਨੇ ਉਸਰਨਾ ਹੁੰਦਾ ਹੈ। ਕੀ ਯੁਧ-ਨੀਤੀ ਬਣਨੀ ਹੈ ਅਤੇ ਕੀ ਦਾਅਪੇਚ ਸਹੀ ਹਨ—ਜੇ ਇਸ ਦੀ ਸਮਝ ਵਿਚ ਹੀ ਗ਼ਲਤੀ ਹੋ ਜਾਵੇ ਤਾਂ ਸਿਆਸੀ ਲਾਈਨ ਹੀ ਨਹੀਂ, ਸਗੋਂ ਸਾਰਾ ਮੋਰਚਾ ਹੀ ਗ਼ਲਤ ਹੋ ਗਿਆ ਸਮਝੋ। ਫ਼ਰਜ਼ ਕਰੋ ਜੇ ਮੁਮਕਿਨ ਦੋਸਤਾਂ ਨੂੰ ਦੁਸ਼ਮਣ ਸਮਝ ਲਿਆ ਤਾਂ ਆਪਣੀ ਗ਼ਲਤੀ ਨਾਲ ਆਪਣੀ ਹੋ ਸਕਦੀ ਤਾਕਤ ਘਟਾਈ ਤੇ ਬਦੋਬਦੀ ਆਪਣੀ ਹੋ ਸਕਦੀ ਤਾਕਤ ਦੁਸ਼ਮਣ ਦੀ ਝੋਲੀ ਪਾਈ। ਜੇ ਦੁਸ਼ਮਣ ਨੂੰ ਮੁਮਕਿਨ ਦੋਸਤ ਸਮਝ ਲਿਆ ਤਾਂ ਆਪਣੀ ਹੱਥੀਂ ਆਪਣੇ ਅੰਦਰ ਦੁਸ਼ਮਣ ਦਾ ਪੈਰ-ਧਰਾਵਾ ਕਰਵਾ ਲਿਆ। ਆਪਣੇ ਅੰਦਰ ਗ਼ਦਾਰਾਂ ਨੂੰ ਆਪ ਲੈ ਆਂਦਾ। ਜਿੱਤ ਜਾਂ ਹਾਰ ਦਾ ਮੁੱਢ ਸਿਆਸੀ ਲਾਈਨ ਦੇ **ਸਹੀ ਜਾਂ ਗ਼ਲਤ ਹੋਣ 'ਤੇ ਮੁਨਹੱਸਰ ਹੁੰਦਾ ਹੈ ਅਤੇ ਉਸ ਦਾ ਸਹੀ ਹੋਣਾ ਸਮਾਜ ਦੇ**



**ਮੁਖ ਵਿਰੋਧ ਤੇ ਉਸ ਦੀ ਭਾਰੂ ਜੁਜ਼ ਦੀ ਸਹੀ ਸਮਝ 'ਤੇ ਨਿਰਭਰ ਹੈ।**

ਮਾਰਕਸਵਾਦ ਤੇ ਉਸ ਦੀ ਪਾਰਟੀ ਦੀ ਸਮਾਜਕ ਵੇਗ ਬਾਬਤ ਸਮਝ ਬੁਰਜਵਾਜ਼ੀ ਦੀ ਇਸ ਦੀ ਸਮਝ ਨਾਲੋਂ ਉਚੇਰੀ ਹੁੰਦੀ ਹੈ। ਫ਼ੀਊਡਲ ਦੀ ਸਮਝ ਨਾਲੋਂ ਬੁਰਜਵਾਜ਼ੀ ਦਾ ਗਿਆਨ ਜ਼ਿਆਦਾ ਸੀ, ਉਚੇਰਾ ਸੀ। ਬੁਰਜਵਾਜ਼ੀ ਦਾ ਕੁਦਰਤ ਵਲ ਨਜ਼ਰੀਆ ਸਾਇੰਟਿਫ਼ਿਕ ਸੀ। ਇਸ ਵਾਸਤੇ ਉਸਨੇ ਟੈਕਨਾਲੋਜੀ ਤੇ ਸਨਅਤ ਉਸਾਰੀਆਂ। ਪਰ ਉਹ ਆਪਣੇ ਜਮਾਤੀ ਪੈਂਤੜੇ ਤੋਂ ਮਜਬੂਰ ਸਾਂ। ਉਸ ਦਾ ਸਮਾਜ ਦੇ ਬੰਦੇ ਦੀ ਜ਼ਿੰਦਗੀ ਬਾਬਤ ਨਜ਼ਰੀਆ ਬਹੁਤ ਹੱਦ ਤਕ ਸੰਸਾਰਕ ਤਾਂ ਸੀ ਅਤੇ ਇਸ ਹੱਦ ਤਕ ਫ਼ੀਊਡਲ ਨਾਲੋਂ ਉਚੇਰਾ ਸੀ, ਪਰ ਸਮਾਜ ਤੇ ਬੰਦੇ ਦੀ ਜ਼ਿੰਦਗੀ ਬਾਬਤ ਆਪਣੇ ਜਮਾਤੀ ਪੈਂਤੜੇ ਕਰਕੇ ਬੁਰਜਵਾ ਨਜ਼ਰੀਆ ਉਸ ਤਰ੍ਹਾਂ ਸਾਇੰਟਿਫ਼ਿਕ ਨਹੀਂ ਸੀ ਹੋ ਸਕਦਾ ਜਿਸ ਤਰ੍ਹਾਂ ਉਸ ਦਾ ਕੁਦਰਤ ਵਲ ਸੀ। **ਮਾਰਕਸਵਾਦ ਪਰੋਲਤਾਰੀ ਦਾ, ਸਰਬਤ ਦੀ ਆਜ਼ਾਦੀ ਦਾ ਨਜ਼ਰੀਆ ਹੈ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਹ ਬੁਰਜਵਾਜ਼ੀ ਦੇ ਵਿਰੁਧ ਇਨਕਲਾਬ ਦੀ ਸਾਇੰਸ ਹੈ।** ਇਸ ਵਾਸਤੇ ਇਹ ਕੁਦਰਤ, ਸਮਾਜ, ਤੇ ਬੰਦੇ ਦੀ ਜ਼ਿੰਦਗੀ—ਇਹਨਾਂ ਸਭ ਬਾਬਤ ਸਾਇੰਟਿਫ਼ਿਕ ਨਜ਼ਰੀਆ ਹੈ। ਬੁਰਜਵਾਜ਼ੀ ਵਾਸਤੇ ਸਮਾਜ ਬਾਬਤ ਧੁੰਧਲਾਹਟ ਰਖਣੀ ਲਾਜ਼ਮੀ ਸੀ। ਉਸ ਵਲ ਸਾਇੰਟਿਫ਼ਿਕ ਨਜ਼ਰੀਏ ਨਾਲ ਉਸਦੀਆਂ ਜੜ੍ਹਾਂ ਉਖੜਦੀਆਂ ਸਨ। ਪਰੋਲਤਾਰੀ ਵਾਸਤੇ ਸਮਾਜ ਵਲ ਸਾਇੰਟਿਫ਼ਿਕ ਨਜ਼ਰੀਆ ਲਾਜ਼ਮੀ ਇਸ ਵਾਸਤੇ ਹੈ ਕਿ ਇਸ ਤੋਂ ਬਗ਼ੈਰ ਉਹ ਆਪਣਾ ਇਤਿਹਾਸਕ ਕੰਮ ਨੇਪਰੇ ਚੜ੍ਹਾ ਹੀ ਨਹੀਂ ਸਕਦੀ। ਸੋ ਸਮਾਜ ਦੀ ਇਤਿਹਾਸਕ ਉਸਾਰੀ ਦਾ ਕਾਨੂੰਨ ਸਮਝਣ ਦੇ ਨੁਕਤੇ ਤੋਂ, ਸਮਾਜ ਦੀ ਕਾਇਆਂ ਪਲਟਣ ਦੇ ਨੁਕਤੇ ਤੋਂ ਮਾਰਕਸਵਾਦ ਦੀ ਸਮਝ ਬੁਰਜਵਾ ਸਮਝ ਨਾਲੋਂ ਕਿਤੇ ਉਚੇਰੀ ਹੈ। ਆਪਣੇ ਜਮਾਤੀ ਪੈਂਤੜੇ ਦੀ ਮਜਬੂਰੀ ਕਰਕੇ ਬੁਰਜਵਾਜ਼ੀ ਉਹ ਤਰੀਕੇ ਨਹੀਂ ਵਰਤ ਸਕਦੀ ਜੋ ਮਾਰਕਸਵਾਦ ਵਰਤ ਸਕਦਾ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਆਪਣੇ ਹਿੱਤ ਤੇ ਆਪਣੇ ਜਮਾਤੀ ਪੈਂਤੜੇ ਦੇ ਨੁਕਤੇ ਤੋਂ ਬੁਰਜਵਾਜ਼ੀ ਕੋਈ ਘਟ ਅਕਲ ਰਖਦੀ ਹੈ। ਆਰਥਕ ਪੱਧਰ 'ਤੇ ਜਿੰਨਾਂ ਉਸ ਦਾ ਨਿਜ਼ਾਮ ਤੇ ਉਸ ਵਿਚਲੇ ਵਿਰੋਧ ਉਸ ਨੂੰ ਮੁਨਾਫ਼ਾ ਕਮਾਉਣ ਦਾ ਰਾਹ ਦੇਂਦੇ ਹਨ ਓਨਾਂ ਉਹ ਰੱਜ ਕੇ ਕਮਾਉਂਦੀ ਹੈ। ਆਪਣੀ ਮਸ਼ੀਨ, ਆਪਣੀ ਟੈਕਨਾਲੋਜੀ ਤੇ ਸਾਇੰਸ ਨਾਲ ਉਸ ਨੇ ਵਰਕਰ ਨੂੰ ਮਸ਼ੀਨ ਦਾ ਪੁਰਜ਼ਾ ਤੇ ਆਪਣਾ ਗ਼ੁਲਾਮ ਬਣਾਇਆ ਹੋਇਆ ਹੈ। ਸਨਅਤੀ ਕੰਮ ਵਿਚੋਂ ਵਰਕਰ ਨੂੰ ਪੈਦਾਵਾਰ ਦੇ ਵੇਗ ਦਾ ਕੋਈ ਭੇਤ ਨਹੀਂ ਆਉਣ ਦੇਂਦੀ। ਆਪਣੇ ਨਜ਼ਰੀਏ ਇਕਾਨੋਮਿਜ਼ਮ ਨਾਲ ਉਸ ਨੇ ਸਾਰੇ ਮੇਹਨਤਕਸ਼ ਤਬਕੇ ਤੇ ਉਸਦੀਆਂ ਪਾਰਟੀਆਂ ਦਾ ਸ਼ਿਕਾਰ ਕੀਤਾ ਹੋਇਆ ਹੈ।

ਆਪਣੀ ਖਾਈ-ਹੰਢਾਈ ਦੇ ਲਲਚੇ ਤੇ ਆਪਣੀ ਕਲਚਰ ਦੇ ਫੰਧੇ ਵਿਚ ਸਮੇਤ ਵਰਕਰਾਂ ਸਮਾਜ ਦੇ ਸਭ ਮੇਹਨਤਕਸ਼ ਤਬਕੇ ਨੂੰ ਉਸ ਫ਼ਸਾਇਆ ਹੋਇਆ ਹੈ। ਪਰ ਸਮਾਜਵਾਦ ਚੂੰਕਿ ਸਰਮਾਏਦਾਰੀ ਨਾਲੋਂ ਉਚੇਰਾ ਨਿਜ਼ਾਮ ਹੈ, ਅਤੇ ਉਹ ਉਠ ਰਿਹਾ ਹੈ ਜਦੋਂ ਕਿ ਸਰਮਾਏਦਾਰੀ ਢਹਿ ਰਹੀ ਹੈ, ਅਤੇ ਉਸ ਨੇ ਚੂੰਕਿ ਉਸਰਨਾ ਹੀ ਬੁਰਜਵਾ ਨਿਜ਼ਾਮ ਦੀ ਕਬਰ ਉਤੇ ਹੈ, ਇਸ ਵਾਸਤੇ ਸਮਾਜ ਦੀ ਇਤਿਹਾਸਕ ਉਸਾਰੀ ਦਾ ਕਾਨੂੰਨ ਉਸ ਦੇ ਹੱਕੀ ਵਗ ਰਿਹਾ ਹੈ। **ਸਮਾਜਕ ਵੇਗ ਆਪ ਪਰੋਲਤਾਰੀ ਦੇ ਪੈਂਤੜੇ ਦੇ ਹਾਮੀ ਹੋ ਰਿਹਾ ਹੈ।** ਇਸ ਇਤਿਹਾਸਕ ਦਸ਼ਾ ਵਿਚ ਜੇ ਪਰੋਲਤਾਰੀ ਤੇ ਉਸ ਦੀ ਪਾਰਟੀ ਤੇ ਪਰੋਲਤਾਰੀ ਦੀਆਂ ਹੋਰ ਸੱਕੀਆਂ ਸੋਦਰੀਆਂ ਜਮਾਤਾਂ ਮਾਰਕਸਵਾਦੀ ਰਾਹੇ ਰਹਿਣ, ਇਕਾਨੋਮਿਜ਼ਮ ਦਾ ਸ਼ਿਕਾਰ ਨਾ ਹੋ ਜਾਣ ਤਾਂ ਆਪਣੀਆਂ ਸਭ ਆਰਜ਼ੀ ਜਿੱਤਾਂ ਦੇ ਬਾਵਜੂਦ ਬੁਰਜਵਾਜ਼ੀ ਤੇ ਉਸ ਦਾ ਨਿਜ਼ਾਮ ਉਹਨਾਂ ਅੱਗੇ ਠਹਿਰ ਨਹੀਂ ਸਕਦੇ। ਬੁਰਜਵਾ ਨਜ਼ਰੀਏ ਦੀ ਸਮਝ, ਅਕਲ ਤੇ ਕਾਬਲੀਅਤ

ਵੀ ਮਾਰਕਸਵਾਦੀ ਸਮਝ ਦਾ ਮੁਕਾਬਲਾ ਨਹੀਂ ਕਰ ਸਕਦੀ।

ਮਾਰਕਸਵਾਦ ਤੇ ਉਸ ਦੀ ਪਾਰਟੀ ਦੀ ਸਮਝ ਤੇ ਕਾਬਲੀਅਤ ਦਾ ਬੁਨਿਆਦੀ ਟੈਸਟ ਉਸ ਦਾ ਸਮਾਜ ਵਿਚ ਮੁਖ ਵਿਰੋਧ ਤੇ ਉਸ ਦੀ ਭਾਰੂ ਜੁਜ਼ ਨੂੰ ਪਰਖਣ ਵਿਚ ਹੁੰਦਾ ਹੈ। ਇਹਨਾਂ ਦੀ ਸਹੀ ਸਮਝ ਸਿਆਸੀ ਲਾਇਨ ਦੇ ਸਹੀ ਹੋਣ ਦੀ ਗਰੰਟੀ ਹੈ। ਜੇ ਪਾਰਟੀ ਦੀ ਸਮਝ ਏਥੇ ਹੀ ਟਪਲਾ ਖਾ ਜਾਵੇ ਤਾਂ ਸਮਝੋ, ਖੇਡ ਮੁਢੋਂ ਹੀ ਖ਼ਰਾਬ ਹੋ ਗਈ। ਚਲ ਰਹੀ ਜਮਾਤੀ ਜਦੋ-ਜਹਿਦ ਉਤੇ ਅਸਰ ਪਾਉਣ ਵਾਸਤੇ, ਉਸ ਵਿਚ ਦਖ਼ਲ-ਅੰਦਾਜ਼ੀ ਕਰਕੇ ਉਸ ਨੂੰ ਪਰੋਲਤਾਰੀ ਦੇ ਜਮਾਤੀ ਪੈਂਤੜੇ ਦੇ ਹੱਕੀ ਲਿਆਉਣ ਵਾਸਤੇ ਪਾਰਟੀ ਦੇ ਪੈਰ ਬੱਝੇ ਹੀ ਨਾ। ਉਹ ਪੈਂਦੀ ਸੱਟੇ ਪੈਂਤੜਿਉਂ ਹੀ ਥਿੜਕ ਗਈ। ਮੁਖ ਵਿਰੋਧ ਤੇ ਉਸ ਦੀ ਭਾਰੂ ਜੁਜ਼ ਬਾਬਤ ਸਮਝ ਗ਼ਲਤ ਹੋਈ ਤੇ ਸਿਆਸੀ ਲਾਇਨ ਕੁਰਾਹੇ ਪੈ ਗਈ। ਸਿਆਸੀ ਲਾਇਨ ਸਹੀ ਰਸਤਿਉਂ ਖੁੰਝੀ ਤੇ ਸਾਰਾ ਸਿਆਸੀ ਅਮਲ ਹੀ ਕੁਢੱਬਾ ਹੋ ਗਿਆ। ਸਭ ਕੋਸ਼ਿਸ਼ਾਂ ਤੇ ਕੁਰਬਾਨੀਆਂ ਦੇ ਬਾਵਜੂਦ ਚਲ ਰਹੀ ਜਮਾਤੀ ਜਦੋ-ਜਹਿਦ ਦੀ ਚਾਲ ਨੇ ਪੱਲਾ ਹੀ ਨਾ ਫੜਾਇਆ।

ਸਮਾਜਕ ਵੇਗ ਵਿਚ ਪਾਰਟੀ ਦੇ ਰੋਲ ਨੂੰ ਸਮਝਣ ਵਾਸਤੇ ਇਹ ਪੱਕੀ ਤਰ੍ਹਾਂ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਉਹ ਕੀ ਕਰ ਸਕਦੀ ਹੈ ਅਤੇ ਕੀ ਨਹੀਂ ਕਰ ਸਕਦੀ। ਕੀ ਕਰ ਸਕਦੀ ਨੂੰ ਵੇਖਣ ਤੋਂ ਪਹਿਲਾਂ ਉਸ ਦੀ ਕਰਨੀ ਦੀ ਹੱਦਬੰਦੀ ਬਾਬਤ ਸਾਫ਼ ਹੋ ਲੈਣਾ ਚਾਹੀਦਾ ਹੈ। ਇਹ ਤਾਂ ਦ੍ਰਿੜ੍ਹ ਕਰਾਇਆ ਹੀ ਜਾ ਚੁਕਾ ਹੈ ਕਿ ਸਮਾਜ ਵਿਚ ਚਲਦੀ ਜਮਾਤੀ ਜਦੋ-ਜਹਿਦ objective ਵੇਗ ਹੈ ਅਤੇ ਜਿੰਨਾ ਚਿਰ ਪਾਰਟੀ ਉਸ ਦੀ ਨਬਜ਼ ਸਹੀ ਨਹੀਂ ਵੇਖਦੀ ਉਸ ਦੀ ਸਾਰੀ ਕੋਸ਼ਿਸ਼ ਨਿਸਫ਼ਲ ਰਹੇਗੀ। ਮਾਰਕਸਵਾਦ ਦਾ ਤਾਂ ਹੀ ਕੋਈ ਅਰਥ ਹੈ, ਉਹ ਤਾਂ ਹੀ ਸਮਾਜਕ ਵੇਗ ਉਤੇ ਅਸਰ ਕਰ ਸਕਦਾ ਹੈ ਜੇ ਉਹ ਸਮਾਜ ਦੀ objective ਅਸਲੀਅਤ ਨਾਲ ਸਬੰਧਤ ਹੋਵੇ, ਉਸ 'ਤੇ ਲਾਗੂ ਹੋਵੇ, ਸਮਾਜਕ ਵੇਗ, ਸਮਾਜਕ ਸਥਿਤੀ ਜੋ ਮਸਲੇ ਖੜੇ ਕਰੀ ਬੈਠੀ ਹੈ ਉਹਨਾਂ ਦੇ ਹੱਲ ਦਾ ਰਾਹ ਵਿਖਾਵੇ, ਅਤੇ ਦੂਸਰੇ ਪਾਸੇ, ਜੇ ਉਹ ਲੋਕਾਂ ਦੇ ਅੰਦਰ ਘਰ ਕਰੇ। ਜਿਸ ਤਰ੍ਹਾਂ ਬਾਹਰਲੀ ਅਸਲੀਅਤ ਤੋਂ ਭਜਿਆ ਨਹੀਂ ਜਾ ਸਕਦਾ ਏਸੇ ਤਰ੍ਹਾਂ ਏਸ ਤੱਥ ਨੂੰ ਵੀ ਅੱਖਾਂ ਤੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸਮਾਜ ਦੀਆਂ ਇਤਿਹਾਸਕ ਕਾਇਆ-ਪਲਟੀਆਂ ਮੁਲਖਈਆ (ਅਵਾਮ) ਤੇ ਉਸਦੀਆਂ ਜਦੋ-ਜਹਿਦਾਂ ਹੀ ਕਰਦੀਆਂ ਹਨ। ਇਹਨਾਂ ਤਬਦਲੀਆਂ ਵਿਚ ਫ਼ੈਸਲਾਕੁਨ ਅੰਗ ਲੋਕ ਹੀ ਹੁੰਦੇ ਹਨ। ਸਮਾਜ ਵਿਚ ਤਾਕਤ (force) ਦੇ ਰੋਲ ਦਾ ਜ਼ਿਕਰ ਕਰਦਿਆਂ ਏਂਗਲਜ਼ ਨੇ ਬੜੀ ਪਤੇ ਦੀ ਗੱਲ ਕੀਤੀ ਹੈ। ਉਹ ਕਹਿੰਦਾ ਹੈ ਕਿ ਸਮਾਜਕ ਤਬਦੀਲੀ ਵਿਚ, ਇਨਕਲਾਬੀ ਤਬਦੀਲੀ ਵਿਚ ਵੀ, ਤਾਕਤ ਦਾ ਰੋਲ ਦਾਈ ਦਾ ਹੀ ਹੁੰਦਾ ਹੈ। ਦਾਈ ਤਾਂ ਹੀ ਮਦਦ ਕਰ ਸਕਦੀ ਹੈ ਜੇ ਔਰਤ ਦੀ ਕੁੱਖ ਵਿਚ ਬੱਚਾ ਹੋਵੇ ਅਤੇ ਉਸ ਦੀ ਕੁੱਖ ਬੱਚੇ ਨੂੰ ਜਨਮ ਦੇਣ ਵਾਸਤੇ ਤਿਆਰ ਹੋਵੇ, ਤਾਂਘ ਰਹੀ ਹੋਵੇ। ਏਸੇ ਤਰ੍ਹਾਂ ਹੀ ਸਮਾਜਕ ਵੇਗ ਤੇ ਉਸ ਦੀ ਤਬਦੀਲੀ ਵਿਚ ਮਾਰਕਸਵਾਦ ਤੇ ਉਸ ਦੀ ਪਾਰਟੀ ਦੀ ਕਰਨੀ ਦਾ ਦਾਇਰਾ ਮੁਮਕਿਨ ਤਕ ਹੀ ਮਹਿਦੂਦ ਹੈ। ਜੋ ਇਤਿਹਾਸਕ ਹਾਲਾਤ ਤੇ ਸਮਾਜਕ ਸਥਿਤੀ ਦੀ ਕੁੱਖ ਵਿਚ ਹੈ ਅਤੇ ਜਨਮ ਲੈਣ ਲਈ ਤਾਂਘ ਰਿਹਾ ਹੈ ਪਾਰਟੀ ਉਸ ਦੇ ਜਨਮ ਵਿਚ ਹੀ ਸਹਾਈ ਹੋ ਸਕਦੀ ਹੈ। ਜੋ ਇਤਿਹਾਸਕ ਤੌਰ 'ਤੇ ਮੁਮਕਿਨ ਹੀ ਨਹੀਂ, ਪਾਰਟੀ ਉਸ ਦੀ ਬਾਬਤ ਕੁਛ ਨਹੀਂ ਕਰ ਸਕਦੀ। ਨਾ ਹੀ ਉਹ ਉਸ ਦੀ ਬਾਬਤ ਟੱਕਰਾਂ ਮਾਰਦੀ ਹੈ। ਲੋਕਾਂ ਨੂੰ ਵਿਚਾਰਧਾਰਕ ਤੇ ਸਿਆਸੀ ਤੌਰ 'ਤੇ ਤਿਆਰ ਕਰਕੇ, ਉਹਨਾਂ ਦੀ ਜਮਾਤੀ ਜਦੋ-ਜਹਿਦ ਰਾਹੀਂ ਹੀ, ਜੋ ਇਤਿਹਾਸਕ ਤੌਰ 'ਤੇ ਮੁਮਕਿਨ ਹੈ ਪਾਰਟੀ ਉਸ ਨੂੰ ਹੀ ਅਸਲੀਅਤ ਬਣਾਉਣ ਵਿਚ



ਸਹਾਈ ਹੋ ਸਕਦੀ ਹੈ। ਫ਼ਰਜ਼ ਕਰੋ ਸਮਾਜ ਦੇ ਪਦਾਰਥਕ ਹਾਲਾਤ, ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਆਦਿ ਕਿਸੇ ਖ਼ਾਸ ਨਿਸ਼ਾਨੇ 'ਤੇ ਪਹੁੰਚਣ ਲਈ ਰਾਹ ਦੇਂਦੇ ਹਨ, ਪਰ ਲੋਕਾਂ ਨੇ, ਜਿੰਨ੍ਹਾਂ ਜਮਾਤਾਂ ਨੇ ਉਸ ਨਿਸ਼ਾਨੇ 'ਤੇ ਪਹੁੰਚਣਾ ਹੈ ਉਹ ਵਿਚਾਰਧਾਰਕ ਤੇ ਸਿਆਸੀ ਤੌਰ 'ਤੇ ਉਸ ਨਿਸ਼ਾਨੇ 'ਤੇ ਪਹੁੰਚਣ ਵਾਸਤੇ ਅਜੇ ਤਿਆਰ ਨਹੀਂ, ਤਾਂ ਪਾਰਟੀ ਲੋਕਾਂ ਦੇ ਸਾਹਮਣੇ ਸਿਰਫ਼ ਉਹ ਨਿਸ਼ਾਨਾ ਹੀ ਰੱਖੇਗੀ ਜਿਥੋਂ ਤਕ ਉਹ ਜਮਾਤੀ ਜਦੋ-ਜਹਿਦ ਕਰਕੇ ਜਾਣ ਨੂੰ ਤਿਆਰ ਹਨ, ਜਿਸ ਨਿਸ਼ਾਨੇ ਵਾਸਤੇ ਉਹ ਤਨੋਂ ਮਨੋਂ ਆਪਣਾ ਪੂਰਾ ਜ਼ੋਰ ਲਾਉਣ ਨੂੰ ਕਾਹਲੇ ਹਨ।

ਇਹ ਗੱਲ ਜਿੰਨੀ ਵੇਰ ਵੀ ਦੁਹਰਾਈ ਜਾਵੇ, ਓਨੀ ਵੇਰ ਹੀ ਥੋਹੜੀ ਹੈ, ਜਿਸ ਤਰੀਕੇ ਨਾਲ ਵੀ ਖਾਨੇ ਵਿਚ ਪੈਂਦੀ ਹੈ ਉਸ ਤਰੀਕੇ ਨਾਲ ਹੀ ਖਾਨੇ ਵਿਚ ਪਾਈ ਜਾਵੇ ਕਿ ਪਾਰਟੀ ਕਿਸੇ ਹਾਲਤ ਵਿਚ ਵੀ ਜਮਾਤ ਦੀ ਥਾਂ ਨਹੀਂ ਲੈ ਸਕਦੀ ਅਤੇ ਜਮਾਤੀ ਸਮਾਜ ਵਿਚ ਜੋ ਵੀ ਹੋਣਾ ਹੈ ਕੀਤਾ ਜਮਾਤੀ ਜਦੋ-ਜਹਿਦ ਦਾ ਹੀ ਹੋਣਾ ਹੈ। ਸਮਾਜ ਦੀ ਉਸਾਰੀ ਦਾ, ਸਮਾਜਕ ਤਬਦੀਲੀ ਦਾ ਜਮਾਤੀ ਜਦੋ-ਜਹਿਦ ਤੋਂ ਬਗ਼ੈਰ ਹੋਰ ਕਰਤਾ ਕੋਈ ਨਹੀਂ। ਨਾ ਹੋ ਹੀ ਸਕਦਾ ਹੈ। ਅਤੇ ਜਮਾਤੀ ਜਦੋ-ਜਹਿਦ ਜਮਾਤ ਨੇ, ਮੁਲਖ਼ਈਏ ਨੇ ਕਰਨੀ ਹੈ। ਪਾਰਟੀ ਵਿਚਾਰਧਾਰਕ ਤੌਰ 'ਤੇ ਇਸ ਜਦੋ-ਜਹਿਦ ਵਾਸਤੇ ਤਿਆਰੀ ਵਿਚ ਉਸਦੀ ਮਦਦ ਹੀ ਕਰ ਸਕਦੀ ਹੈ ਅਤੇ ਉਸ ਦੀ ਜਦੋ-ਜਹਿਦ ਵਿਚ ਸਿਆਸੀ ਅਗਵਾਈ ਕਰ ਸਕਦੀ ਹੈ।

ਬਾਹਰਮੁਖੀ ਸਥਿਤੀ ਤੋਂ ਕਿਸੇ ਹਾਲਤ ਵਿਚ ਵੀ ਛੋਟ ਨਹੀਂ ਹੋ ਸਕਦੀ। ਸਾਰੀ ਗੱਲ ਉਸ ਤੋਂ ਹੀ ਤੁਰਦੀ ਹੈ, ਉਸ 'ਤੇ ਹੀ ਨਿਰਭਰ ਹੈ। ਏਥੇ ਗ਼ਲਤੀ ਹੋਈ ਨਹੀਂ ਤੇ ਪਾਰਟੀ ਦੀ ਖ਼ਾਨਿਉਂ ਗਈ ਨਹੀਂ। ਪਾਰਟੀ ਨੇ ਏਥੇ ਟਪਲਾ ਖਾਧਾ ਨਹੀਂ ਤੇ ਉਹ ਕੱਖਾਂ ਤੋਂ ਹੌਲੀ ਹੋਈ ਨਹੀਂ, ਤੇ ਉਸਦੀਆਂ ਸਭ ਕੋਸ਼ਿਸ਼ਾਂ ਐਵੇਂ ਤੋਂ ਸਾਵੀਆਂ ਗਈਆਂ ਨਹੀਂ। ਅਸਲ ਗੱਲ ਇਹ ਹੈ ਕਿ ਸਮਾਜਕ ਵੇਗ ਵਿਚ ਧਿਰਾਂ ਹੀ ਦੋ ਹਨ—ਪਦਾਰਥਕ ਹਾਲਾਤ ਤੇ ਮਨੁਖੀ ਅੰਗ। ਇਹਨਾਂ ਦੋਹਾਂ ਧਿਰਾਂ ਵਿਚੋਂ ਕਿਸੇ ਦੀ ਨਬਜ਼ ਉਤੋਂ ਵੀ ਹੱਥ ਉਠ ਗਿਆ ਤੇ ਗੱਲ ਗਈ। ਏਸ ਵਾਸਤੇ ਹੀ ਪਾਰਟੀ ਦੇ ਸਥਿਤੀ ਨੂੰ ਹਰ ਨੁਕਤੇ ਤੋਂ ਸਹੀ ਸਮਝਣ ਉਤੇ ਅਸਾਂ ਬੇਹੱਦ, ਲੋੜ ਨਾਲੋਂ ਵਧ ਜ਼ੋਰ ਦਿੱਤਾ ਹੈ। ਅਤੇ ਇਹ ਠੀਕ ਕੀਤਾ ਹੈ। ਸਥਿਤੀ ਦੀ ਸਹੀ ਸਮਝ ਹੀ ਪਾਰਟੀ ਦੀ ਕਰਨੀ ਦੀ ਜਿੰਦ-ਜਾਨ ਹੈ। ਇਹ ਲੋਹੇ ਲਾਠਾ ਸੱਚ ਹੈ ਕਿ ਜੰਮਣਾ ਤਾਂ ਉਹ ਹੀ ਹੈ ਜਿਸ ਨੂੰ ਸਮਾਜਕ ਵੇਗ ਦੀ, ਸਮਾਜਕ ਸਥਿਤੀ ਦੀ ਕੁੱਖ ਆਪਣੇ ਵਿਚ ਬਤੌਰ ਸੰਭਾਵਨਾ ਲਈ ਬੈਠੀ ਹੋਵੇ। ਸੋ ਪਾਰਟੀ ਚਲ ਰਹੀ ਜਮਾਤੀ ਜਦੋ-ਜਹਿਦ ਦੀ ਦਸ਼ਾ ਨੂੰ, ਉਸ ਦੀ ਸਟੇਜ ਨੂੰ ਸਮਝਣੋਂ ਤੇ ਮੁਖ ਵਿਰੋਧ ਤੇ ਉਸ ਦੀ ਪਰਬਲ ਜੁਜ਼ ਨੂੰ ਪਰਖਣੋਂ ਭੱਜ ਨਹੀਂ ਸਕਦੀ। ਦੂਸਰੇ ਪਾਸੇ, ਕੰਮ ਤਾਂ ਉਹ ਹੀ ਹੋਣਾ ਹੈ ਜਿਸ ਨੂੰ ਕਰਨ ਵਾਲੇ ਕਰ ਗੁਜ਼ਰਨ ਨੂੰ ਤਿਆਰ ਹਨ। ਸੋ ਪਾਰਟੀ ਦਾ ਲੋਕਾਂ ਦੀ ਵਿਚਾਰਧਾਰਕ ਤੇ ਸਿਆਸੀ ਦਸ਼ਾ ਨੂੰ ਨਜ਼ਰ-ਅੰਦਾਜ਼ ਕਰਨਾ ਮੁਮਕਿਨ ਨਹੀਂ। ਉਹਨਾਂ ਦੇ ਮਨਾਂ ਦੀ ਦਸ਼ਾ ਦਾ, ਉਹਨਾਂ ਦੇ ਮੂਡ ਦਾ ਗੋਹਰੀ ਬਣੇ ਰਹਿਣ ਬਗ਼ੈਰ ਉਸ ਵਾਸਤੇ ਕੋਈ ਰਾਹ ਨਹੀਂ। ਜੋ ਵੀ ਹੋਣਾ ਹੈ ਸਭ ਕੁਛ ਜਮਾਤੀ ਜਦੋ-ਜਹਿਦ ਵਿਚ ਜਿੱਤ ਰਾਹੀਂ ਹੋਣਾ ਹੈ। ਸੋ ਏਸ ਮਸਲੇ, ਦੇ ਪ੍ਰਸੰਗ ਵਿਚ, ਪੇਸ਼ ਸਥਿਤੀ ਵਿਚ ਦੋਸਤ ਦੁਸ਼ਮਣ ਦੀ ਤਮੀਜ਼ ਬੁਨਿਆਦੀ ਗੱਲ ਹੈ। (ਚਲਦਾ)

●

ਅਤੇ ਬਦੇਸ਼ੀ ਪੂੰਜੀ ਦੇ ਸਮੁਚੀ ਆਰਥਕਤਾ ਦੇ ਪ੍ਰਸੰਗ ਵਿਚ ਸੰਬੰਧਾਂ ਨੂੰ ਮੁੱਖ ਰਖ ਸਰਕਾਰ ਵਲੋਂ ਇਨ੍ਹਾਂ ਵਲ ਅਪਣਾਈਆਂ ਜਾਂਦੀਆਂ ਨੀਤੀਆਂ ਦੀ ਛਾਣ ਬੀਨ ਕਰਨ ਉਪਰ ਜ਼ੋਰ ਦਿੱਤਾ। ਉਨ੍ਹਾਂ ਬਸਤੀਵਾਦੀਆਂ ਵਲੋਂ ਭਾਰਤ ਦੀ ਦਸਤਕਾਰੀ ਤਬਾਹ ਕਰਨ ਦਾ ਵਿਰੋਧ ਕੀਤਾ। ਪ੍ਰੋ: ਬਿਪਨ ਚੰਦਰ ਅਨੁਸਾਰ ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਘੱਟ ਵਿਕਸਤਪਨ (underdevelopment) ਦੀ ਪ੍ਰੀਭਾਸ਼ਾ ਇੰਜ ਕੀਤੀ ਜਿਵੇਂ ਕਿ ਅਜ ਕਲ੍ਹ ਇਸ ਦੇ ਮੁਕਾਬਲੇ, 19ਵੀਂ ਸਦੀ ਦੇ ਅੰਤ ਵਿਚ ਬਰਤਾਨਵੀ ਅਰਥ-ਸ਼ਾਸਤਰੀ ਖੜੇ ਤੇ ਬਦਲ ਰਹੇ (stationary and changing) ਸਮਾਜਾਂ ਜੇਹੇ ਸੰਕਲਪਾਂ ਵਿਚ ਉਲਝੇ ਹੋਏ ਸਨ। ਉਨ੍ਹਾਂ ਦੀ ਅਜਿਹੀ ਸਮਝ ਨੇ ਖੋਜ ਬਾਅਦ ਉਨ੍ਹਾਂ ਨੂੰ ਇਸ ਨਤੀਜੇ 'ਤੇ ਪਹੁੰਚਾਇਆ ਕਿ ਭਾਰਤ ਦਾ ਘੱਟ-ਵਿਕਸਤਪਨ ਬਰਤਾਨਵੀ ਰਾਜ ਦੇ ਪਿਛਲੇ ਕੁਝ ਸਾਲਾਂ ਕਰਕੇ ਹੋਇਆ ਹੈ, ਨਾ ਕਿ ਇਹ ਪ੍ਰੰਪਰਾਗਤ ਭੂਤ ਦੀ ਰਹਿੰਦ-ਖੂੰਹਦ ਹੈ। ਭਾਰਤੀ ਬੁਧੀਜੀਵੀਆਂ ਨੇ ਉਨ੍ਹਾਂ ਪੈਦਾਵਾਰ ਦੇ ਵਾਧੇ ਵਾਲੇ ਪੱਖਾਂ (factors of growth) ਜਿਵੇਂ ਕਿ ਬਦੇਸ਼ੀ ਲੇਖਕਾਂ ਦਾ ਯਕੀਨ ਸੀ, ਦਾ ਸਮੁੱਚੀ ਆਰਥਕਤਾ ਦੇ ਪ੍ਰਸੰਗ ਵਿਚ ਵਿਸ਼ਲੇਸ਼ਣ ਕੀਤਾ। ਉਨ੍ਹਾਂ ਦੇ ਸਿੱਟੇ ਇਸ ਪ੍ਰਕਾਰ ਸਨ:

**ਪਹਿਲੀ ਧਾਰਨਾ**: ਜਿਥੋਂ ਤਕ ਬਦੇਸ਼ੀ ਵਪਾਰ ਦਾ ਸੰਬੰਧ ਸੀ ਉਨ੍ਹਾਂ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਬਦੇਸ਼ੀ ਵਪਾਰ ਵਿਚ ਵਾਧਾ ਆਪਣੇ ਆਪ ਵਿਚ ਆਰਥਕ ਉਨਤੀ ਸੀ ਜਾਂ ਆਰਥਕ ਵਿਕਾਸ ਦੀ ਇਹ ਤੋਰਨ-ਸ਼ਕਤੀ ਸੀ। ਉਨ੍ਹਾਂ ਲਈ ਬਦੇਸ਼ੀ ਵਪਾਰ ਵਿਚ ਵਾਧੇ ਦਾ ਮਹੱਤਵ ਨਹੀਂ ਸੀ ਸਗੋਂ ਇਸ ਗੱਲ ਦਾ ਮਹੱਤਵ ਸੀ ਕਿ ਉਸ ਦਾ ਪੈਟਰਨ ਕੀ ਹੈ? ਕਿਹੋ ਜਿਹੀਆਂ ਵਸਤਾਂ ਦਾ ਵਟਾਂਦਰਾ ਹੁੰਦਾ ਹੈ? ਤੇ ਇਸ ਦਾ ਘਰੋਗੀ ਆਮਦਨੀ, ਉਦਯੋਗ ਅਤੇ ਰੁਜ਼ਗਾਰ ਉਪਰ ਕੀ ਅਸਰ ਪੈਂਦਾ ਹੈ। ਉਨ੍ਹਾਂ ਆਪਣੀ ਇਹ ਧਾਰਨਾ ਪੇਸ਼ ਕੀਤੀ ਕਿ ਇਕੱਲੇ ਬਦੇਸ਼ੀ ਵਪਾਰ ਵਿਚ ਵਾਧਾ ਖ਼ੁਸ਼ਹਾਲੀ ਜਾਂ ਵਿਕਾਸ ਦਾ index ਨਹੀਂ ਸਗੋਂ ਤਿਆਰ ਕੀਤੇ ਮਾਲ ਦੀ ਬਾਹਰੋਂ ਆਮਦ ਤਾਂ ਘਰੋਗੀ ਉਦਯੋਗ ਨੂੰ ਤਬਾਹ ਕਰ ਰਹੀ ਹੈ। ਤੇ ਇੰਜ ਭਾਰਤ ਵਿਚ ਅੰਦਰੂਨੀ ਆਧੁਨਿਕ ਉਦਯੋਗ ਦੇ ਫੈਲਾਅ ਵਿਚ ਰੋੜਾ ਸਾਬਤ ਹੋ ਰਹੀ ਹੈ। ਸੋ ਆਮਦ ਦੀਆਂ ਚੀਜ਼ਾਂ ਵਿਚ ਵਾਧਾ ਭਾਰਤ ਨੂੰ ਬਰਤਾਨੀਆ ਦਾ ਆਰਥਕ ਤੌਰ 'ਤੇ ਪਿਛਲੱਗ (appendage) ਬਣਾ ਰਿਹਾ ਹੈ। ਨਾਲ ਹੀ ਉਨ੍ਹਾਂ ਨੇ ਬਦੇਸ਼ਾਂ ਮਸ਼ੀਨਰੀ, ਧਾਤਾਂ ਤੇ ਕੱਚੇ ਮਾਲ ਦੀ ਭਾਰਤ ਵਿਚ ਆਮਦ ਨੂੰ ਜੀ-ਆਇਆਂ ਕਿਹਾ।

**ਦੂਸਰੀ ਧਾਰਨਾ**: ਉਨ੍ਹਾਂ ਨੇ ਬਸਤੀਵਾਦੀ ਲੇਖਕਾਂ ਦੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਕਿ ਕੱਚੇ ਮਾਲ ਦੀ ਬਰਾਮਦ ਭਾਰਤ ਲਈ ਲਾਹੇਵੰਦ ਸੀ। ਉਨ੍ਹਾਂ ਦੀ ਸਮਝ ਅਨੁਸਾਰ ਇਹ ਤਾਂ ਦੌਲਤ ਦਾ ਭਾਰਤ ਵਿਚੋਂ ਨਿਕਲਣਾ ਸੀ (drain of wealth) ਜਿਸ ਨਾਲ ਬਾਹਰੋਂ ਆ ਰਹੇ ਤਿਆਰ ਮਾਲ ਦੀ ਅਦਾਇਗੀ ਹੁੰਦੀ ਸੀ। ਇਹ ਤਾਂ ਦੇਸ਼ ਦੇ ਪੇਂਡੂਕਰਨ ਦੀ ਪ੍ਰਕਿਰਿਆ ਸੀ ਤੇ ਸਮੁੱਚੇ ਦੇਸ਼ ਦੀ ਲੁੱਟ-ਖਸੁੱਟ ਸੀ। ਇਸ ਤੋਂ ਵੱਡੀ ਗੱਲ ਇਹ ਕਿ ਸਿੱਧਾ ਕੱਚਾ ਮਾਲ ਭੇਜਣ ਦਾ ਲਾਹਾ ਵੀ ਵਾਹੀਕਾਰਾਂ ਤਕ ਨਹੀਂ ਸੀ ਪਹੁੰਚਦਾ ਤੇ ਵਪਾਰੀਆਂ ਸ਼ਾਹੂਕਾਰਾਂ ਜਾਗੀਰਦਾਰਾਂ ਦੀਆਂ ਜੇਬਾਂ ਵਿਚ ਜਾਂਦਾ ਸੀ। ਨਤੀਜੇ ਵਜੋਂ ਇਨ੍ਹਾਂ ਵਸਤਾਂ ਦਾ ਭਾਅ ਉਚੇ ਵਲ ਜਾਂਦੇ ਸਨ ਤੇ ਖੇਤੀ ਮਜ਼ਦੂਰਾਂ ਦਾ ਬੁਰਾ ਹਾਲ ਕਰਦੇ ਸਨ। ਨਾਲੇ ਇਸ ਵਪਾਰ ਦਾ ਕੰਟਰੋਲ ਮੁਕੰਮਲ ਤੌਰ 'ਤੇ ਬਦੇਸ਼ੀਆਂ ਦੇ ਹੱਥਾਂ ਵਿਚ ਸੀ। ਕੌਮਵਾਦੀਆਂ ਨੇ ਇਹ ਵਿਚਾਰ ਸਾਹਮਣੇ ਰਖਿਆ ਕਿ ਉਭਰ ਰਹੇ ਉਦਯੋਗ ਦੀ ਮਦਦ ਲਈ ਕੱਚੇ ਮਾਲ ਤੇ ਮੰਡੀ ਦਾ ਯੋਗ ਪ੍ਰਬੰਧ ਹੋਵੇ। ਸਭ ਤੋਂ ਵੱਧ ਇਹ ਬਦੇਸ਼ੀ ਸਰਕਾਰ ਦੀ ਟੈਰਿਫ਼ ਪਾਲਿਸੀ ਸੀ ਜਿਸ ਨੇ ਉਨ੍ਹਾਂ ਨੂੰ ਇਹ ਵਿਸ਼ਵਾਸ ਕਰਵਾ ਦਿੱਤਾ ਕਿ ਭਾਰਤ ਨੂੰ ਅਸਲ ਵਿਚ ਬਰਤਾਨੀਆਂ ਦੇ ਹਿੱਤਾਂ ਅਨੁਸਾਰ ਚਲਾਇਆ ਤੇ ਵਾਹਿਆ ਜਾ ਰਿਹਾ ਹੈ।



**ਤੀਜੀ ਧਾਰਨਾ**: ਕੌਮਵਾਦੀਆਂ ਨੇ ਇਹ ਵਿਚਾਰ ਵੀ ਰੱਦ ਕਰ ਦਿੱਤਾ ਕਿ ਰੇਲਾਂ ਦਾ ਫੈਲਾਅ ਆਪਣੇ ਆਪ ਨਤੀਜੇ ਵਜੋਂ ਆਰਥਕ ਵਿਕਾਸ ਵਲ ਲੈ ਜਾਂਦਾ ਹੈ। ਉਨ੍ਹਾਂ ਨੇ ਰੇਲਾਂ ਦੇ ਹੋਰ ਲਾਭਾਂ ਨੂੰ ਮੰਨਦਿਆਂ ਹੋਇਆਂ ਇਹ ਜਤਲਾਇਆ ਕਿ ਰੇਲਾਂ ਦੇ ਫੈਲਾਅ ਨਾਲ ਆਰਥਕ ਵਿਕਾਸ ਨਹੀਂ ਹੋਇਆ, ਸਗੋਂ ਰੇਲਾਂ ਦੀ ਇਸ ਜਾਲ-ਵਿਛਾਈ ਨੇ ਤਾਂ ਬਦੇਸ਼ੀ ਵਸਤਾਂ ਨੂੰ ਭਾਰਤ ਵਿਚ ਦੂਰ-ਦੁਰਾਡ ਤੱਕ ਪਹੁੰਚਾਉਣ ਵਿਚ ਮਦਦ ਕੀਤੀ ਹੈ, ਤੇ ਇੰਜ ਆਰਥਕ ਪਛੜੇਵਾਂ ਬਣਾਈ ਰੱਖਣ ਤੇ ਵਧਾਉਣ ਵਿਚ ਮਦਦ ਕੀਤੀ ਹੈ। ਰੇਲਾਂ ਦੀ ਜਾਲ-ਵਿਛਾਈ ਨਾਲ ਤਾਂ ਬਰਤਾਨੀਆ ਦੇ ਫ਼ੌਲਾਦ ਉਦਯੋਗ, ਤੇ ਮਸ਼ੀਨ ਉਦਯੋਗ (ਇੰਜਨ, ਡੱਬੇ, ਆਦਿ) ਨੂੰ ਹੀ ਲਾਭ ਪਹੁੰਚਾ ਸੀ ਜਿਥੋਂ ਐਨਾ ਸਮਾਨ ਰੇਲਾਂ ਦੀ ਜਾਲ-ਵਿਛਾਈ ਲਈ ਬਣਿਆ। ਉਨ੍ਹਾਂ ਨੇ ਵਿਚਾਰ ਪੇਸ਼ ਕੀਤਾ ਕਿ ਰੇਲਾਂ ਦੀ ਵਿਛਾਈ ਭਾਰਤ ਦੀਆਂ ਆਪਣੀਆਂ ਲੋੜਾਂ ਦੇ ਅਨੁਸਾਰ ਕੀਤੀ ਜਾਵੇ। ਭਾਰਤ ਨੂੰ ਵਧੇਰੇ ਲੋੜ ਪਹਿਲਾਂ ਆਪਣਾ ਉਦਯੋਗ ਉਨਤ ਕਰਨ ਤੇ ਖੇਤੀ ਦੀ ਉਪਜ ਵਧਾਉਣ ਦੀ ਹੈ ਤੇ ਆਵਾਜਾਈ ਦੀਆਂ ਸਹੂਲਤਾਂ ਇਨ੍ਹਾਂ ਦੇ ਵਿਕਾਸ ਲਈ ਮੁਹੱਈਆ ਹੋਣੀਆਂ ਚਾਹੀਦੀਆਂ ਹਨ। ਸੋ ਜੋ ਸਰਕਾਰੀ ਸਹਾਇਤਾ ਰੇਲਾਂ ਨੂੰ ਦਿਤੀ ਜਾ ਰਹੀ ਹੈ ਉਹ ਉਦਯੋਗ ਅਤੇ ਸਿੰਜਾਈ ਦੇ ਸਾਧਨ ਵਿਕਸਤ ਕਰਨ ਲਈ ਦਿੱਤੀ ਜਾਵੇ। ਉਨ੍ਹਾਂ ਨੇ ਇਹ ਸਵਾਲ ਉਠਾਇਆ: ਸਰਕਾਰ ਸਾਰਾ ਜ਼ੋਰ ਕੇਵਲ ਰੇਲਾਂ ਦੀ ਜਾਲ-ਵਿਛਾਈ ਵਲ ਹੀ ਕਿਉਂ ਲਾ ਰਹੀ ਹੈ? ਜਵਾਬ ਸੀ: ਕਿਉਂਕਿ ਇਹ ਬਦੇਸ਼ੀ ਪੱਕੇ ਮਾਲ ਲਈ ਭਾਰਤੀ ਮੰਡੀ ਦੇ ਦਰ ਖੋਲ੍ਹਣੇ ਚਾਹੁੰਦੀ ਹੈ। ਉਸ ਬਦਲੇ ਭਾਰਤ ਵਿਚੋਂ ਭੋਜਨ-ਪਦਾਰਥਾਂ ਅਤੇ ਕੱਚੇ ਮਾਲ ਦੀ ਬਰਾਮਦ ਕਰਨਾ ਚਾਹੁੰਦੀ ਹੈ। ਬਰਤਾਨਵੀ ਸਟੀਲ ਅਤੇ ਮਸ਼ੀਨਾਂ ਵੇਚਣਾ ਚਾਹੁੰਦੀ ਹੈ, ਵਾਫ਼ਰ ਬਰਤਾਨਵੀ ਸਰਮਾਏ ਦੀ ਲਾਗਤ ਲਈ ਖੇਤਰ ਤਿਆਰ ਕਰਨਾ ਚਾਹੁੰਦੀ ਹੈ ਤੇ ਆਪਣੀ ਧੌਂਸ ਜਮਾਈ ਰਖਣ ਲਈ ਫ਼ੌਜਾਂ ਦਾ ਆਣ ਜਾਣ ਸੁਖਾਲਾ ਕਰਨਾ ਚਾਹੁੰਦੀ ਹੈ।

**ਚੌਥੀ ਧਾਰਨਾ**: ਜਿਵੇਂ ਕਿ ਅਸੀਂ ਉਪਰ ਵੇਖਿਆ ਹੈ, ਬਸਤੀਵਾਦੀ ਲੇਖਕਾਂ ਦਾ ਆਖ਼ਰੀ ਮਹੱਤਵਪੂਰਣ ਵਿਚਾਰ ਇਹ ਸੀ ਕਿ ਬਦੇਸ਼ੀ ਸਰਮਾਏ ਬਿਨਾਂ ਭਾਰਤ ਦਾ ਕਿਸੇ ਤਰ੍ਹਾਂ ਵੀ ਵਿਕਾਸ ਨਹੀਂ ਹੋ ਸਕਦਾ। ਇਸ ਵਿਚਾਰ ਨਾਲ ਕੌਮੀ ਬੁਧੀਜੀਵੀ ਕਾਫ਼ੀ ਦੇਰ ਉਲਝਦੇ ਰਹੇ। ਪਰ ਹੌਲੀ ਹੌਲੀ ਆਪਣੇ ਬੌਧਿਕ ਜਤਨਾਂ ਕਾਰਨ ਐਮ. ਜੀ. ਰਾਨਾਡੇ ਤੋਂ ਬਿਨਾਂ ਉਨ੍ਹਾਂ ਸਾਰਿਆਂ ਨੇ ਹੀ ਬਦੇਸ਼ੀ ਪੂੰਜੀ ਦਾ ਜ਼ੋਰਦਾਰ ਵਿਰੋਧ ਕੀਤਾ। ਰਾਨਾਡੇ ਦਾ ਵਿਚਾਰ ਸੀ ਕਿ ਬਦੇਸ਼ੀ ਪੂੰਜੀ ਅੰਦਰੂਨੀ ਪੂੰਜੀ ਦੀ ਸਹਾਇਤਾ ਕਰ ਸਕਦੀ ਹੈ। ਦੂਸਰਿਆਂ ਦੀ ਇਸ ਨਾਲ ਸਹਿਮਤੀ ਨਹੀਂ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਘਰੋਗੀ ਸਰਮਾਏ ਨੂੰ ਹੌਸਲਾ ਦੇਣ ਦੀ ਬਜਾਏ ਬਦੇਸ਼ੀ ਸਰਮਾਇਆ ਇਸ ਨੂੰ ਟਿਕਾਣਿਓਂ ਹਟਾ ਕੇ ਆਪ ਉਸ ਦੀ ਥਾਂ ਪਲਦਾ ਹੈ, ਇਸ ਨੂੰ ਦਬਾਉਂਦਾ ਹੈ ਤੇ ਇੰਜ ਭਵਿਖ ਵਿਚ ਇਸ ਨੂੰ ਵਧਣ-ਫਲਣ ਤੋਂ ਰੋਕਦਾ ਹੈ ਤੇ ਇਸ ਉਪਰ ਆਪਣੀ ਜਕੜ ਹੋਰ ਪੱਕੀ ਕਰਦਾ ਹੈ। ਬਦੇਸ਼ੀ ਅਦਾਰਿਆਂ ਵਿਚ ਉੱਚੀਆਂ ਤਨਖ਼ਾਹਾਂ ਲੈਣ ਵਾਲਿਆਂ ਦੀ ਆਮਦਨੀ ਦਾ ਬਹੁਤਾ ਹਿੱਸਾ ਵੀ ਬਾਹਰ ਜਾਂਦਾ ਹੈ। ਬਦੇਸ਼ੀ ਸਰਮਾਇਆ ਅਸਲ ਵਿਚ ਭਾਰਤੀ ਸਰਮਾਇਆ ਹੀ ਤਾਂ ਸੀ ਜੋ ਪਹਿਲਾਂ ਵਪਾਰ, ਬੈਂਕਿੰਗ ਤੇ ਪ੍ਰਬੰਧਕੀ ਢੰਗਾਂ ਨਾਲ ਬਾਹਰ ਲਿਜਾਇਆ ਜਾਂਦਾ ਸੀ ਤੇ ਫੇਰ ਇਸ ਦਾ ਕੁਝ ਭਾਗ ਬਦੇਸ਼ੀ ਪੂੰਜੀ ਦੇ ਰੂਪ ਵਿਚ ਮੋੜਿਆ ਜਾਂਦਾ ਸੀ। ਉਨ੍ਹਾਂ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਭਾਰਤ ਬਦੇਸ਼ੀ ਪੂੰਜੀ ਬਿਨਾਂ ਸਰਮਾਏਦਾਰੀ ਲੀਹਾਂ 'ਤੇ ਆਰਥਕ ਵਿਕਾਸ ਨਹੀਂ ਕਰ ਸਕਦਾ ਸਗੋਂ ਇਸ ਦੇ ਉਲਟ, ਜੇਕਰ ਭਾਰਤੀ ਸਰਮਾਏਦਾਰ ਪੂੰਜੀ ਲਾ ਕੇ ਉਦਯੋਗੀਕਰਨ ਦੀ ਪ੍ਰਕਿਰਿਆ ਤੇਜ਼ ਕਰਨ ਤਾਂ ਅਸਲ ਆਰਥਕ ਵਿਕਾਸ ਸੰਭਵ ਹੈ। ਉਨ੍ਹਾਂ ਨੇ ਇਸ ਗੱਲ ਦੀ

ਸਬੰਧ ਵਿਚ the role of the state was delineated not only forcefully but even with some originality.

ਸਰਮਾਏਦਾਰੀ ਦੇ ਵਿਕਾਸ ਵਿਚ ਮਦਦ ਕਰਨ ਲਈ ਸਟੇਟ ਨੂੰ ਹੇਠ ਲਿਖੇ ਢੰਗ ਅਪਣਾਉਣੇ ਚਾਹੀਦੇ ਹਨ : (1) ਫ਼ਾਈਨੈਂਨਸ ਕਾਰਪੋਰੇਸ਼ਨਾਂ ਦੁਆਰਾ ਕਾਰਖ਼ਾਨੇਦਾਰਾਂ ਨੂੰ ਘੱਟ ਵਿਆਜ਼ 'ਤੇ ਕਰਜ਼ ਦੇ ਕੇ ਅੰਦਰੂਨੀ ਪ੍ਰਾਈਵੇਟ ਸਰਮਾਏ ਦੀ ਕਮੀ ਨੂੰ ਪੂਰਾ ਕੀਤਾ ਜਾਵੇ । (2) ਭਾਰਤੀ ਸਰਮਾਏਦਾਰਾਂ ਨੂੰ ਘਟੋ ਘਟ ਲਾਭ ਦੀ ਗਰੰਟੀ ਦਿਤੀ ਜਾਵੇ । ਹੋਰ ਉਨ੍ਹਾਂ ਨੂੰ subsidies ਤੇ ਸੁਰੱਖਿਆ ਦੇ ਸਾਧਨ ਮੁਹੱਈਆ ਕੀਤੇ ਜਾਣ । (3) ਖਿਲਰੀ ਹੋਈ ਘਰੇਗੀ ਪੂੰਜੀ ਨੂੰ ਸਟੇਟ ਦੁਆਰਾ ਹਿਦਾਇਤਾਂ ਹੇਠ Joint stock banks ਰਾਹੀਂ ਸਰਮਾਏ ਦੇ ਚੱਕਰ ਵਿਚ ਪਾਇਆ ਜਾਵੇ । (4) ਸਰਕਾਰ ਵਲੋਂ agricultural credit banks ਖੋਲ੍ਹੇ ਜਾਣ (ਕਰਜ਼ੇ ਨਾਲ ਖਾਦ ਖ਼ਰੀਦਣ ਵਾਲੇ ਪੰਜਾਬ ਦੇ ਕਿਸਾਨ ਇਨ੍ਹਾਂ ਸੰਸਥਾਵਾਂ ਤੋਂ ਜਾਣੂ ਹਨ) । (5) ਬਦੇਸ਼ੀ ਪੂੰਜੀ ਨੂੰ ਭਾਰਤੀ ਆਰਥਕਤਾ ਵਿਚ ਸੋਖਣ ਵਿਚ ਤੇ ਦੇਸੀ ਪੂੰਜੀਨੂੰ ਇਸ ਦ ਗਲਬੇ ਤੋਂ ਬਚਾਉਣ ਲਈ ਮਦਦ ਕੀਤੀ ਜਾਵੇ । ਅਜਿਹਾ ਕਰਨ ਲਈ ਸਰਕਾਰ ਆਪ ਬਦੇਸ਼ਾਂ ਤੋਂ ਸਰਮਾਏ ਦਾ ਕਰਜ਼ਾ ਲਵੇ ਤੇ ਫੇਰ ਅੱਗੇ ਭਾਰਤੀ ਸਰਮਾਏਦਾਰਾਂ ਵਿਚ ਵੰਡੇ । (6) ਜਿਹੜੇ ਮੁੱਖ ਉਦਯੋਗਾਂ ਵਿਚ ਦੇਸੀ ਪੂੰਜੀ ਆਪਣੇ ਆਪ ਨੂੰ ਲਗਾਉਣ ਦਾ ਖ਼ਤਰਾ ਮੁੱਲ ਨਹੀਂ ਲੈ ਸਕਦੀ, ਸਟੇਟ ਉਨ੍ਹਾਂ ਦਾ ਪ੍ਰਬੰਧ ਕਰੇ । ਤੇ ਉਨ੍ਹਾਂ ਉਦਯੋਗਾਂ ਨੂੰ ਜਿਨ੍ਹਾਂ ਨੂੰ ਬਹੁਤ ਜ਼ਿਆਦਾ ਬਦੇਸ਼ੀ ਪੂੰਜੀ ਦੀ ਲੋੜ ਹੋਵੇ, ਸਟੇਟ ਆਪ ਚਲਾਵੇ (ਸਟੇਟ ਸੈਕਟਰ) । ਬਾਹਰੋਂ ਬਦੇਸ਼ਾਂ ਤੋਂ ਕਰਜ਼ਾ ਲੈ ਕੇ ਖਾਣਾਂ ਤੇ ਪਬਲਿਕ ਵਰਕਸ ਦਾ ਪ੍ਰਬੰਧ ਕਰੇ ।

ਉਪਰਲੇ ਵਿਚਾਰ ਕਿਵੇਂ 1947 ਤੋਂ ਬਾਅਦ ਭਾਰਤੀ ਸਟੇਟ ਦਾ ਅਟੁੱਟ ਅੰਗ ਬਣੇ ਇਹ ਇਸ ਟੂਕ ਤੋਂ ਸਪੱਸ਼ਟ ਹੈ : We may note that the Government of India's industrial policy after 1948 hardly went beyond the policy sketched by the early nationalists. Jawaharlal Nehru was no innovator in this respect, except that a programme which was described by the early nationalists as state-supported capitalism was described by him first as a mixed economy and later as the 'socialistic pattern'.

ਇਸ ਪ੍ਰੰਪਰਾ ਨੂੰ ਅੱਗੇ ਵਧਾਉਂਦਿਆਂ ਹੋਇਆਂ, ਸ਼੍ਰੀਮਤੀ ਗਾਂਧੀ ਨੇ ਇਸ ਨੂੰ ਸੰਵਿਧਾਨ ਵਿਚ ਲਿਖ ਦਿਤਾ ਤੇ ਸਮਾਜਵਾਦ ਦਾ ਬੀੜਾ ਉਠਾ ਲਿਆ । ਇਥੇ ਇਕ ਦਿਲਚਸਪ ਗੱਲ ਇਹ ਕਿ 1947 ਤੋਂ ਬਾਅਦ ਆਰਥਕ ਖੇਤਰ ਵਿਚ ਬੁਰਜੁਵਾ ਬੁਧੀਜੀਵੀ ਕੋਈ ਨਵਾਂ ਵਿਚਾਰ ਪੈਦਾ ਨਹੀਂ ਕਰ ਸਕੇ ਸਗੋਂ ਪੁਰਾਣੇ ਨੂੰ ਲਾਗੂ ਕਰ ਕੇ ਇਸ ਉਪਰ ਹੋਏ ਮਾੜੇ ਮੋਟੇ ਹਮਲਿਆਂ ਨੂੰ ਮੋੜਦੇ ਰਹੇ ।

ਜਿਵੇਂ ਕਿ ਉਪਰ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਦਾ ਆਰਥਕ ਦ੍ਰਿਸ਼ਟੀਕੋਨ ਸਰਮਾਏਦਾਰੀ ਵਿਚਾਰਧਾਰਾਂ ਦੇ ਚੌਖਟੇ ਦੇ ਅੰਦਰ ਹੀ ਰਿਹਾ ਭਾਵ ਸਮਾਜ ਵਿਕਾਸ ਦੇ ਹੋਰ ਰਾਹ ਦਾ ਸੁਪਨਾ ਵੀ ਉਹ ਨਹੀਂ ਲੈ ਸਕੇ । ਉਨ੍ਹਾਂ ਦਾ ਸਵਾਲ ਇਹ ਸੀ ਕਿ ਕਿਵੇਂ ਹਿੰਦੁਸਤਾਨ ਇਕ ਅਜ਼ਾਦ ਸਰਮਾਏਦਾਰ ਮੁਲਕ ਦੇ ਤੌਰ 'ਤੇ ਬਾਕੀ ਦੇਸ਼ਾਂ ਦੇ ਮੁਕਾਬਲੇ ਵਿਚ ਉਭਰ ਸਕਦਾ ਹੈ । (ਹਰਗਿਜ਼ ਹੀ ਇਹ ਦਲਾਲ ਜਮਾਤ ਦੇ ਬੁਧੀਜੀਵੀਆਂ ਦੇ ਵਿਚਾਰ ਨਹੀਂ ਸਨ) । ਇਸ ਵਿਚਾਰ ਤੋਂ ਚਲ ਕੇ ਉਨ੍ਹਾਂ ਅਧਿਐਨ ਰਾਹੀਂ ਪਤਾ ਲਾਇਆ ਕਿ ਸਮਕਾਲੀ ਆਰਥਕ ਯਥਾਰਥ ਕਿਹੋ ਜਿਹਾ ਹੈ ਤੇ ਇਸ ਤੋਂ ਵਿਕਸਤ ਕੀਤੀ ਸਮਝ ਨੂੰ ਧਾਰਨਾਵਾਂ ਦੇ ਰੂਪ ਵਿਚ ਸਥਾਪਿਤ ਕੀਤਾ । ਹੁਣ ਵਿਚਲਾ ਰੋਲ



ਸਿਆਸਤ ਦਾ ਸੀ, ਸਿਆਸੀ ਪਾਰਟੀ ਦਾ ਸੀ । ਕਿਵੇਂ ਇਸ ਯਥਾਰਥ ਨੂੰ ਤਬਦੀਲ ਕਰਕੇ ਆਪਣੇ ਅੱਗੇ ਮਿਥੇ ਟੀਚੇ ਵਲ ਪਹੁੰਚਿਆ ਜਾਵੇ ਜੋ ਸਰਮਾਏਦਾਰ ਜਮਾਤ ਦੇ ਵਿਕਾਸ ਲਈ ਸਟੇਟ, ਜਿਸ ਤੋਂ ਬਿਨਾਂ ਇਹ ਵਿਕਾਸ ਅਸੰਭਵ ਸੀ, ਨੇ ਪ੍ਰਾਪਤ ਕਰਨਾ ਸੀ । ਇਸ ਟੀਚੇ 'ਤੇ ਪਹੁੰਚਣ ਦੀ ਯੁੱਧ-ਨੀਤੀ ਅਤੇ ਦਾਅਪੇਚ (strategy and tactics) ਗਾਂਧੀ ਦੀ ਅਗਵਾਈ ਹੇਠ ਭਾਰੂ ਕਾਂਗਰਸ ਲੀਡਰਸ਼ਿਪ ਨੇ ਘੜੇ ।

ਹੁਣ ਆਉਂਦੀ ਹੈ ਗੱਲ ਇਨ੍ਹਾਂ ਵਿਚਾਰਾਂ ਦੇ Marxist critique ਦੀ । ਇਹ ਕਰਟੀਕ ਇਕ ਸਵਾਲ ਪੁਛਣ ਤੋਂ ਸ਼ੁਰੂ ਹੋਣਾ ਸੀ (ਜਿਹੜਾ ਕੌਮਵਾਦੀ ਨਹੀਂ ਪੁੱਛ ਸਕੇ, ਕਿਉਂਕਿ ਅਜਿਹਾ ਸਵਾਲ ਪੁੱਛਣਾ ਹੀ ਸਰਮਾਏਦਾਰੀ ਵਿਕਾਸ ਦੇ ਵਿਚਾਰ ਚੌਖਟੇ ਦੀਆਂ ਹੱਦਾਂ ਉਲੰਘਣਾ ਸੀ) ਅਤੇ ਉਹ ਸਵਾਲ ਸੀ : ਅਜੋਕੇ ਸਮੇਂ ਵਿਚ, ਸਾਮਰਾਜਵਾਦ ਦੇ ਇਸ ਯੁਗ ਵਿਚ ਜਿਸ ਦੇਸ਼ ਨੂੰ ਬਸਤੀ ਦੇ ਤੌਰ 'ਤੇ ਸੰਸਾਰ ਮੰਡੀ ਵਿਚ ਜੋੜ ਲਿਆ ਗਿਆ ਹੋਵੇ, ਕੀ ਉਸ ਦੇਸ਼ (ਭਾਰਤ) ਦੀ ਆਰਥਕਤਾ, ਸਰਕਾਰ (ਸਟੇਟ) ਦੀ ਮਦਦ ਨਾਲ ਵੀ ਕੌਮੀ ਸਰਮਾਏਦਾਰੀ ਵਿਕਾਸ ਲੀਹਾਂ 'ਤੇ ਚਲਦੀ ਹੋਈ ਕਿਸੇ ਦਿਨ ਸੰਸਾਰ ਮੰਡੀ ਵਿਚ ਵਿਕਸਤ ਸਰਮਾਏਦਾਰ ਦੇਸ਼ਾਂ ਦੇ ਮੁਕਾਬਲੇ ਬਰਾਬਰ ਦੀ ਭਾਈਵਾਲ ਬਣ ਸਕਦੀ ਹੈ ?

ਇਹ ਸਵਾਲ ਭਾਰਤ ਵਿਚ ਸਮਾਜਵਾਦੀਆਂ ਨੇ ਹੀ ਪਾਉਣਾ ਸੀ ਤੇ ਇਸ ਦਾ ਜਵਾਬ ਅਮੂਰਤ ਤੌਰ 'ਤੇ ਨਾਂਹ ਵਿਚ ਦੇਣ ਦੀ ਬਜਾਏ ਸੰਸਾਰ ਸਰਮਾਏਦਾਰੀ ਪ੍ਰਬੰਧ ਤੇ ਉਸ ਨਾਲ ਭਾਰਤੀ ਆਰਥਕ ਸੰਬੰਧਾਂ ਤੇ ਦੇਸ਼ ਦੀਆਂ ਵੱਖ ਵੱਖ ਜਮਾਤਾਂ ਉਪਰ ਇਸ ਦੇ ਪ੍ਰਭਾਵ ਦੇ ਡੂੰਘੇ ਬੌਧਿਕ ਵਿਸ਼ਲੇਸ਼ਣ ਵਿਚੋਂ ਉਭਰਨਾ ਸੀ । ਜੇਕਰ 50ਵਿਆਂ ਵਿਚ ਵੀ ਇਸ 'ਤੇ ਕੋਈ ਚਰਚਾ ਹੁੰਦਾ ਤਾਂ ਹੁਣ ਤਕ ਸ਼ਾਇਦ ਇਧਰ ਅਸੀਂ ਕੁਝ ਮੱਲ ਮਾਰ ਲੈਣੀ ਸੀ । ਇਥੇ ਪਾਠਕਾਂ ਦੇ ਮਨਾਂ ਵਿਚ ਕਈ ਸਵਾਲ ਉਠ ਸਕਦੇ ਹਨ : ਕੌਮਵਾਦੀਆਂ ਦੇ ਇਨ੍ਹਾਂ ਵਿਚਾਰਾਂ ਦੇ ਲਾਗੂ ਹੋਣ ਦਾ 1947 ਤੋਂ ਬਾਅਦ ਕੀ ਇਤਿਹਾਸਕ ਤਜਰਬਾ ਹੋਇਆ ? ਉਨ੍ਹਾਂ ਦੇ ਵਿਸ਼ਵਾਸ (ਧਾਰਨਾ) ਕਿ ਬਾਹਰੋਂ ਕਰਜ਼ਾ ਲੈ ਕੇ ਵਿਕਾਸ ਕਰਦੇ ਸਮੇਂ ਮੋੜ ਦਿਤਾ ਜਾਵੇ, ਦਾ ਕੀ ਬਣਿਆ ? ਅਜਿਹਾ ਸੰਭਵ ਕਿਉਂ ਨਹੀਂ ਹੋਇਆ ? ਤੇ ਕੀ ਇਹ ਹੋ ਸਕਦਾ ਸੀ ? ਭਾਰਤੀ ਆਰਥਕਤਾ ਦੀ ਸੰਸਾਰ ਸਰਮਾਏਦਾਰੀ ਦੇ ਪ੍ਰਸੰਗ ਵਿਚ ਸਥਿਤੀ ਕਿਹੋ ਜਿਹੀ ਹੈ ? ਭਾਰਤੀ ਸਰਮਾਏਦਾਰੀ ਨੂੰ ਆਪਣੇ ਵਿਕਾਸ ਵਿਚ ਕਿਹੜੀਆਂ ਔਕੜਾਂ ਆ ਰਹੀਆਂ ਹਨ ? ਉਨ੍ਹਾਂ ਨੂੰ ਹੱਲ ਕਰਨ ਦੀਆਂ ਇਨ੍ਹਾਂ ਦੀਆਂ ਤਰਕੀਬਾਂ ਕੀ ਹਨ ? ਇੰਜ ਹੀ ਭਾਰਤੀ ਸਟੇਟ ਦੇ ਵਿਕਾਸ ਅਤੇ ਸਟੇਟ ਸੈਕਟਰ ਬਾਰੇ ਸਵਾਲ ਹੋ ਸਕਦੇ ਹਨ । ਭਾਰਤੀ ਮਜ਼ਦੂਰ ਸ਼੍ਰੇਣੀ ਦੇ ਵਿਕਾਸ ਤੇ ਇਸ ਦੇ ਘੋਲਾਂ ਦੇ ਰੂਪ ਬਾਰੇ ਤੇ ਇਸ ਉਪਰ ਭਾਰੂ ਵਿਚਾਰਧਾਰਾ ਬਾਰੇ ਸਵਾਲ ਹੋ ਸਕਦੇ ਹਨ । ਭਾਰਤੀ ਖੇਤੀਬਾੜੀ ਵਿਚ ਤਾਂ ਸਾਡੇ ਪਾਸ ਕੋਈ ਭਰਵਾਂ ਮਾਰਕਸ-ਵਾਦੀ ਅਧਿਐਨ ਨਹੀਂ ਤੇ ਇਸ ਦੀ ਅਣਹੋਂਦ ਖਟਕਦੀ ਹੈ । ਕਿਸਾਨੀ ਅੰਦਰ ਕਿਸ ਤਰ੍ਹਾਂ ਦੀਆਂ ਪ੍ਰਕ੍ਰਿਆਵਾਂ ਚਲ ਰਹੀਆਂ ਹਨ ਤੇ ਉਸ ਦਾ ਵੱਖ ਵੱਖ ਤੈਹਾਂ 'ਤੇ ਕੀ ਪ੍ਰਭਾਵ ਪੈ ਰਿਹਾ ਹੈ । ਜਮਾਤੀ ਜਦੋ-ਜਹਿਦ ਦੀ ਕੀ ਪੱਧਰ ਤੇ ਕੀ ਰੂਪ ਹਨ ਤੇ ਜਥੇਬੰਦੀ ਦੇ ਕਿਹੜੇ ਰੂਪ ਲੋਕਾਂ ਨੂੰ ਖਿਚ ਸਕਦੇ ਹਨ ਤੇ ਕਿਵੇਂ, ਆਦਿ, ਆਦਿ । ਦਿਲਚਸਪ ਗੱਲ ਤਾਂ ਇਹ ਕਿ ਇਹ ਸਾਰੇ ਸਵਾਲ ਵੱਖ ਵੱਖ ਰੂਪਾਂ ਵਿਚ ਦੁਹਰਾਏ ਜਾ ਰਹੇ ਹਨ । ਆਜ਼ਾਦ ਵਿਕਾਸ ਦੇ ਸੰਬੰਧ ਵਿਚ ਬਦੇਸ਼ੀ ਪੂੰਜੀ ਦੇ ਰੋਲ ਬਾਰੇ ਕੌਮਵਾਦੀਆਂ ਵੇਲੇ ਦੀ ਬਹਿਸ ਅਜ ਵਖਰੇ ਰੂਪ ਵਿਚ multinationals ਦੇ ਸੰਬੰਧ ਵਿਚ ਜਨਤਾ ਪਾਰਟੀ ਅੱਗੇ ਮਸਲਾ ਬਣੀ ਬੈਠੀ ਹੈ ।

ਕੌਮਵਾਦੀਆਂ ਵਲੋਂ ਦੇਸ਼ ਦ ਵਿਕਾਸ ਸੰਬੰਧੀ ਪ੍ਰਚੱਲਤ ਕੀਤੇ ਵਿਚਾਰਾਂ ਦਾ ਜੇ ਕਿਸੇ ਨੇ ਬਹੁ-ਪੱਖੀ ਤੇ ਭਰਵਾਂ ਕਰਟੀਕ ਪੇਸ਼ ਕਰਨਾ ਸੀ ਤਾਂ ਉਹ ਮਾਰਕਸਵਾਦੀ ਚਿੰਤਕਾਂ ਨੇ ਹੀ ਕਰਨਾ ਸੀ। ਪਰ ਅਫ਼ਸੋਸ ਦੀ ਗੱਲ ਇਹ ਕਿ ਸਤਈ ਪੱਧਰ ਦੇ ਟਾਂਵੇਂ ਟਾਂਵੇਂ ਮਾਮੂਲੀ ਯਤਨ ਹੋਏ ਹਨ। ਸਾਡੇ ਦੇਸ਼ ਦੇ ਆਰਥਕ ਵਿਕਾਸ, ਸਮਾਜਕ ਤੇ ਸਿਆਸੀ ਵਿਕਾਸ, ਅਤੇ ਸਭਿਆਚਾਰਕ ਵਿਕਾਸ ਬਾਰੇ ਅਸੀਂ ਮਾਰਕਸੀ ਸਮਝ ਤੋਂ ਭਾਰਤੀ ਮਾਰਕਸਵਾਦੀ ਚਿੰਤਕ ਵਲੋਂ ਲਿਖੀ ਕਿਸੇ ਵੀ ਪੁਸਤਕ ਦਾ ਹਵਾਲਾ ਨਹੀਂ ਦੇ ਸਕਦੇ। ਸਾਡੀਆਂ ਪਾਰਟੀਆਂ ਵਿਚੋਂ ਸਾਨੂੰ ਕੋਈ ਅਜਿਹਾ ਉਚੇ ਦਰਜੇ ਦਾ ਮਾਰਕਸਵਾਦੀ ਚਿੰਤਕ ਨਜ਼ਰ ਨਹੀਂ ਆਉਂਦਾ ਜੋ ਇਨ੍ਹਾਂ ਪਰਬਲ ਸਮੱਸਿਆਵਾਂ ਨੂੰ ਬੌਧਿਕ ਤੌਰ 'ਤੇ ਨਿਜਿੱਠ ਸਕੇ ਤੇ ਭਾਰਤੀ ਸਰਮਾਏਦਾਰੀ ਦੁਆਰਾ ਤੈ ਕੀਤੇ ਪਿਛਲੇ ਰਾਹ ਅਤੇ ਅੱਗੇ ਆਉਣ ਵਾਲੀਆਂ ਔਕੜਾਂ ਅਤੇ ਇੰਜ ਦੇਸ਼ ਨੂੰ ਤਬਾਹੀ ਵਲ ਲੈ ਜਾਏ ਬਿਨਾਂ ਇਸ ਰਾਹ ਦੀ ਅਸੰਭਵਤਾ ਦਾ ਸਪੱਸ਼ਟ ਤੇ ਵੇਰਵੇ-ਸਹਿਤ ਅਧਿਐਨ ਭਾਰਤੀ ਲੋਕਾਂ ਸਾਹਮਣੇ ਰੱਖ ਸਕੇ। ਤਦ ਹੀ ਇਹ ਸੰਭਵ ਹੋ ਸਕੇਗਾ ਕਿ ਦੇਸ਼ ਦੀ ਬਹੁ ਸੰਮਤੀ ਇਹ ਗੱਲ ਆਪਣੇ ਮਨਾਂ ਵਿਚ ਵਸਾ ਲਵੇ ਕਿ ਕੇਵਲ ਮਜ਼ਦੂਰ ਜਮਾਤ ਤੇ ਇਸ ਦੀ ਜਥੇਬੰਦੀ ਹੀ ਕੌਮ ਨੂੰ ਸੰਕਟ ਦੇ ਮੂੰਹ ਵਿਚੋਂ ਕੱਢ ਕੇ ਵਿਗਿਆਨਕ ਸਮਾਜਵਾਦ ਵਲ ਲਿਜਾ ਸਕਦੀ ਹੈ। ਇਸ ਬਹੁ-ਪੱਖੀ ਅਧਿਐਨ ਦੀ ਛਿੜੀ ਪ੍ਰੰਪਰਾ ਹੀ ਸੱਤਹੀ ਪੱਧਰ ਦੇ ਮਾਰਕਸਵਾਦ ਦੀਆਂ ਜੜ੍ਹਾਂ ਵਧੇਰੇ ਡੂੰਘੀਆਂ ਕਰ ਸਕੇਗੀ ਤੇ ਤਦ ਹੀ ਮੱਧ-ਵਰਗੀ ਬੁੱਧੀ-ਜੀਵੀ ਅਜਿਹੀ ਪਾਰਟੀ ਦੀ ਬੌਧਿਕ ਸਰਦਾਰੀ ਮੰਨ ਸਕਣਗੇ। ਉਸ ਵਿਚ ਉਨ੍ਹਾਂ ਦਾ ਵਿਸ਼ਵਾਸ ਜਾਗੇਗਾ। ਕਿਸੇ ਵੀ ਕਿਸਮ ਦੀਆਂ ਗਾਲ੍ਹਾਂ ਉਨ੍ਹਾਂ ਨੂੰ ਬੁਰਜਵਾ ਵਿਚਾਰਾਂ ਹੇਠੋਂ ਨਿਕਲਣ ਵਿਚ ਮਦਦ ਨਹੀਂ ਕਰ ਸਕਦੀਆਂ। ਮੇਰੇ ਵਲੋਂ ਕਹੀਆਂ ਇਹ ਗੱਲਾਂ ਨਵੀਆਂ ਨਹੀਂ ਭਾਵੇਂ ਕਿ ਮੈਂ ਠੋਸ ਇਤਿਹਾਸਕ ਪ੍ਰਸੰਗ ਨਾਲ ਆਪਣੀ ਗੱਲ ਸਪੱਸ਼ਟ ਕੀਤੀ ਹੈ ਕਿਉਂਕਿ ਕੇਵਲ ਪ੍ਰਾਪੇਗੰਡੇ ਦੀ ਪੱਧਰ 'ਤੇ ਜਿਉਂਦੇ ਲੋਕਾਂ ਲਈ ਅਜਿਹਾ ਅਮੂਰਤ ਤੌਰ 'ਤੇ ਕਹਿਣਾ ਉਨ੍ਹਾਂ ਦੇ ਵਿਸ਼ਵਾਸ਼ ਨੂੰ ਠੇਸ ਪਹੁੰਚਾਉਣ ਬਰਾਬਰ ਹੁੰਦਾ ਹੈ। ਭਾਰਤੀ ਕਮਿਊਨਿਸਟ ਆਗੂ ਤੇ ਸਿਰਕੱਢ ਸੋਚਵਾਨ ਕੇ. ਦਾਮੋਦਰਨ ਨੇ 'ਸੈਮੀਨਾਰ' ਵਿਚ ਛਪੇ ਆਪਣੇ ਇਕ ਲੇਖ ਵਿਚ ਲਿਖਿਆ ਸੀ : Notwithstanding their homilies to Marxism-Leninism the Indian communists failed to use the Marxist methodology to understand and change Indian reality. They made no serious attempt to comprehend the changing co-relation of class forces, the structure of the state, the nature of exploitation, and the motive forces of social and economic transformation. They were more eager to study the history of CPSU rather than their own history, economy and culture. They could not apply Marxism to a serious analysis of Indian society.

ਬੌਧਿਕ ਰੁਝਾਨ ਇਕ ਪ੍ਰੰਪਰਾ ਦੇ ਤੌਰ 'ਤੇ ਪੈਦਾ ਹੁੰਦਾ ਹੈ। ਜੇ ਨਹੀਂ ਹੋਂਦ ਵਿਚ ਤਾਂ ਕਿਤੋਂ ਨਾ ਕਿਤੋਂ ਤਾਂ ਸ਼ੁਰੂ ਹੋਵੇਗਾ ਹੀ। ਨਵੀਂ ਪੀੜ੍ਹੀ ਦੇ ਕਮਿਊਨਿਸਟਾਂ ਨੂੰ ਪਹਿਲਾਂ ਪਾਰਟੀਆਂ ਦੇ ਵਾਤਾਵਰਨ ਵਿਚ ਤਿਆਰ ਕੀਤਾ ਜਾਂਦਾ ਹੈ—ਖ਼ਿਆਲਾਂ ਦੇ ਸਕੂਲ ਵਿਚ ਤੇ ਜਦੋ-ਜਹਿਦਾਂ ਦੇ ਸਕੂਲ ਵਿਚ। (educator is also educated—Marx) ਜਿੰਨਾਂ ਪਾਰਟੀਆਂ ਵਿਚ ਨਵੀਂ ਪੀੜ੍ਹੀ ਨੂੰ ਕੇਵਲ ਲੋੜੀਂਦੇ ਪ੍ਰਾਪੇਗੰਡੇ ਲਈ ਤਿਆਰ ਕਰਨ ਦੀ ਪ੍ਰੰਪਰਾ ਸਾਲਾਂ-ਬੱਧੀ ਪੈਰ ਜਮਾਈ ਬੈਠੀ ਹੋਵੇ ਤੇ ਆਪਣੇ ਟੀਚਿਆਂ ਅਨੁਸਾਰ ਇਹੀ ਕੰਮ ਵਧੇਰੇ ਜ਼ਰੂਰੀ ਲਗੇ, ਉਥੇ ਪਾਰਟੀ ਨਵੀਂ ਪੀੜ੍ਹੀ ਦੇ ਬੁਧੀਜੀਵੀਆਂ ਨੂੰ ਮਾਨਸਕ ਤੇ ਖ਼ਿਆਲਾਂ ਦੀ ਪੱਧਰ 'ਤੇ ਟ੍ਰੇਂਡ ਕਰਨ ਵਲ ਕੋਈ ਖ਼ਾਸ ਧਿਆਨ ਨਹੀਂ ਦੇ ਸਕਦੀ। ਅਕਸਰ ਹੁੰਦਾ ਕੀ ਹੈ, ਪੁਰਾਣੀ ਲੀਡਰਸ਼ਿਪ ਅਗਲੀ ਪੀੜ੍ਹੀ ਦੀ ਲੀਡਰਸ਼ਿਪ ਨੂੰ ਆਪਣੇ ਹੀ ਬਿੰਬ ਵਿਚ ਢਾਲਦੀ ਤੁਰੀ ਜਾਂਦੀ ਹੈ ਤੇ ਮਾਰਕਸਵਾਦ ਦਾ ਰੂਪ ਇੰਜ ਬਾਹਰਲੀਆਂ ਪੁਸਤਕਾਂ ਤੇ ਲੇਖਾਂ ਦਾ ਅਨੁਵਾਦ ਤੇ ਉਨ੍ਹਾਂ ਵਿਚਲੀ ਸਮੱਗਰੀ ਦਾ ਪ੍ਰਚਾਰ ਹੋ ਨਿਬੜਦਾ ਹੈ। ਲੋਕਾਂ ਨੂੰ ਇਤਿਹਾਸਿਕ ਪਦਾਰਥਵਾਦ ਸਮਝਾਉਣ ਲਈ ਉਦਾਹਰਣਾਂ ਉਹੀ ਦਿੱਤੀਆਂ ਜਾਂਦੀਆਂ ਹਨ ਜੋ ਸਟਾਲਿਨ ਜਾਂ ਮੌਰਿਸ ਕਾਰਨਫੋਰਥ ਨੇ ਇਕ ਵੇਰ ਦਿੱਤੀਆਂ ਸਨ। ਆਪਣੇ ਲੋਕਾਂ ਦੇ ਇਤਿਹਾਸ ਦਾ, ਆਰਥਕ ਵਿਕਾਸ ਦਾ, ਤੇ ਸਭਿਆਚਾਰ ਦਾ ਇਤਿਹਾਸਕ ਪਦਾਰਥਵਾਦ ਦੇ ਦ੍ਰਿਸ਼ਟੀਕੋਣ ਤੋਂ ਅਧਿਐਨ ਮਿਹਨਤ ਤੇ ਲਗਨ ਦੀ ਮੰਗ ਕਰਦਾ ਹੈ। ਇਸ ਮੋੜ ਲਈ ਵੱਖਰੇ ਦ੍ਰਿਸ਼ਟੀਕੋਣ ਦੀ ਲੋੜ ਹੈ ਤੇ ਇਹ ਜ਼ਰੂਰ ਹੀ ਨਵੇਂ ਬੁਧੀਜੀਵੀ ਤੇ ਨਵੀਂ ਪ੍ਰੰਪਰਾ ਨੂੰ ਜਨਮ ਦੇਵੇਗਾ। ਪਾਰਟੀਆਂ ਵਿਚਲੇ ਨੌਜਵਾਨਾਂ ਨੂੰ ਇਸ ਗੱਲ ਵਲ ਖ਼ਾਸ ਧਿਆਨ ਦੇਣ ਦੀ ਲੋੜ ਹੈ। ਜਿਵੇਂ ਕਿ ਮੈਂ ਪਿੱਛੇ ਜ਼ਿਕਰ ਕੀਤਾ ਸੀ ਤੇ ਮੈਂ ਦੁਹਰਾਣਾ ਚਾਹਾਂਗਾ ਕਿ ਮਾਰਕਸਵਾਦ ਦੇ ਪਛੜੇਪਨ ਦੇ ਸਵਾਲ ਦਾ ਪ੍ਰਸੰਗ ਕਿਸੇ ਦੇਸ਼ ਵਿਚ ਮਾਰਕਸਵਾਦ ਦੇ ਪ੍ਰਚਲਤ ਰੂਪ ਤੇ ਅਜਿਹੇ ਰੂਪ ਦੇ ਇਤਿਹਾਸਕ ਮੁੱਢ ਦੇ ਬੱਝਣ ਤੇ ਫੈਲਣ ਬਾਰੇ ਹੈ। (ਚਲਦਾ)

---

## ਬੇਨਤੀ

ਸੇਧ ਲਈ ਲਿਖਣ ਵਾਲੇ ਵਿਦਵਾਨਾਂ, ਲੇਖਕਾਂ ਨੂੰ ਸਾਡੀ ਬੇਨਤੀ ਹੈ ਕਿ ਉਹ

* ਕਾਗਜ਼ ਦੇ ਇਕ ਬੰਨੇ ਹੀ ਲਿਖਿਆ ਕਰਨ, ਖੁਲ੍ਹਾ ਹਾਸ਼ੀਆ ਛਡ ਕੇ ਲਿਖਿਆ ਕਰਨ ਅਤੇ ਖੁਲ੍ਹਾ ਖੁਲ੍ਹਾ, ਸਾਫ ਸਾਫ ਲਿਖਿਆ ਕਰਨ;
* ਅੰਗਰੇਜ਼ੀ ਵਿਚ ਜੇ ਟੂਕਾਂ ਦੇਣੀਆਂ ਹੋਣ ਤਾਂ (ਜੇ ਸੰਭਵ ਹੋ ਸਕੇ) ਥੋੜਾ ਕਸ਼ਟ ਕਰਕੇ ਵਖਰੇ ਕਾਗ਼ਜ਼ 'ਤੇ ਟਾਈਪ ਕਰਵਾ ਕੇ ਨਾਲ ਨੱਥੀ ਕਰ ਦਿਆ ਕਰਨ;
* ਸ਼ਬਦਾਂ ਦੇ ਹਿੱਜੇ (ਸਪੈਲਿੰਗਜ਼) ਸੁਰਗਵਾਸੀ ਸ. ਤੇਜਾ ਸਿੰਘ ਵਾਲੇ ਰਖਣ, ਪੰਜਾਬੀ ਦੇ ਉਚਾਰਣ ਅਨੁਸਾਰ। ਹਿੰਦੀ ਦੀ ਨਕਲ ਕਰਕੇ ਆਰਥਕ, ਸਮਾਜਕ, ਪਰਵਾਰ ਆਦਿ ਜਿਹੇ ਸ਼ਬਦਾਂ ਵਿਚ ਖ਼ਾਹਮਖ਼ਾਹ ਸਿਹਾਰੀਆਂ ਨਾ ਫਸਾਇਆ ਕਰਨ। ਏਸੇ ਤਰ੍ਹਾਂ ਹੀ ਨ ਤੇ ਣ ਦੀ ਸਹੀ ਵਰਤੋਂ ਕਰਨ ਜਿਵੇਂ ਬਣਾਵਟ, ਬਣਨ ਆਦਿ ਸ਼ਬਦਾਂ ਵਿਚ।
* ਅਗਲੇ ਅੰਕ ਵਿਚ ਜਾਣ ਵਾਲੇ ਲੇਖ, ਚਿੱਠੀਆਂ ਆਦਿ ਸਾਡੇ ਤਕ ਹਰ ਹਾਲਤ ਵਿਚ ਚਾਲੂ ਮਹੀਨੇ ਦੀ ਬਾਰ੍ਹਾਂ ਤਾਰੀਖ਼ ਤਕ ਪੁਜ ਜਾਣੇ ਚਾਹੀਦੇ ਹਨ। ਅਗਲੇ ਅੰਕ ਦਾ ਮੈਟਰ ਪੰਦਰਾਂ ਤਾਰੀਖ਼ ਨੂੰ ਪ੍ਰੈਸ 'ਚ ਦੇਣਾ ਪੈਂਦਾ ਹੈ। ਪਰਚਾ ਪੰਝੀ ਤਾਰੀਖ਼ ਨੂੰ ਛਪ ਕੇ ਤਿਆਰ ਹੋ ਜਾਂਦਾ ਹੈ ਅਤੇ ਸਤਾਈ ਨੂੰ ਡਾਕੇ ਪਾਇਆ ਜਾਂਦਾ ਹੈ।

---

ਨੋਟ : ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮੰਨਜ਼ੂਰ ਹੈ।

ਜੇ. ਸਿੰਘ, ਲੁਧਿਆਣਾ

## ਭਾਰਤੀ ਕਮਿਊਨਿਸਟ ਪਾਰਟੀਆਂ ਦਾ ਜਥੇਬੰਦਕ ਢਾਂਚਾ

ਸਤੰਬਰ 1977 ਦੇ ਸੇਧ ਵਿਚ ਅਸੀਂ ਭਾਰਤ ਵਿਚ ਇਨਕਲਾਬ ਦੇ ਮਸਲੇ ਬਾਬਤ ਮੁਢਲੇ ਵਿਚਾਰ ਪਰਗਟ ਕਰਨ ਪਿਛੋਂ ਇਨਕਲਾਬੀ ਪਲ ਦੇ ਖੁੰਝਣ ਦੀ ਗੱਲ ਕਰਦਿਆਂ ਇਸ ਅਵੱਸਥਾ ਦੇ ਚਾਰ ਮੁੱਖ ਕਾਰਨ ਦਸੇ ਸਨ। ਅਕਤੂਬਰ 1977 ਦੇ ਅੰਕ ਵਿਚ ਅਸਾਂ ਸਿਧਾਂਤਕ ਕਾਰਨ ਵਿਚ ਸਿਧਾਂਤ ਦੇ ਅਧਿਅਨ ਨੂੰ ਬੇਲੋੜਾ ਸਮਝਣ ਅਤੇ ਸਿਧਾਂਤ ਨੂੰ ਕੁਚੱਜੇ ਢੰਗ ਨਾਲ ਲਾਗੂ ਕਰਨ ਬਾਬਤ ਚਰਚਾ ਕੀਤੀ ਸੀ। ਅੰਤ ਵਿਚ ਅਸਾਂ ਇਹ ਸਵਾਲ ਉਠਾਇਆ ਸੀ ਕਿ ਭਾਰਤੀ ਕਮਿਊਨਿਸਟ ਪਾਰਟੀਆਂ ਅੱਖਾਂ ਬੰਨ੍ਹ ਕੇ ਸਿੱਧੀਆਂ ਖੂਹ-ਖਾਤੇ ਵਲ ਕਿਉਂ ਤੁਰੀਆਂ ਜਾ ਰਹੀਆਂ ਹਨ ? ਉਹ ਆਪਣੀ ਲਾਇਨ ਸੋਧ ਕਿਉਂ ਨਹੀਂ ਲੈਂਦੀਆਂ ? ਹੱਥਲੇ ਲੇਖ ਵਿਚ ਅਸੀਂ ਇਸ ਜਥੇਬੰਦਕ ਗਿਰਾਵਟ ਬਾਬਤ ਚਰਚਾ ਕਰਾਂਗੇ।

ਪਹਿਲਾਂ ਅਸੀਂ ਕਮਿਊਨਿਸਟ ਪਾਰਟੀਆਂ ਦੀ ਜਥੇਬੰਦੀ ਦਾ ਸਿਧਾਂਤਕ ਪਹਿਲੂ ਲਵਾਂਗੇ। ਸਿਧਾਂਤ ਮੁਤਾਬਿਕ ਹਰ ਇਕ ਕਮਿਊਨਿਸਟ ਪਾਰਟੀ ਦੇ ਮੈਂਬਰ ਇਕੋ ਵਿਚਾਰਧਾਰਾ, ਮਾਰਕਸਿਜ਼ਮ, ਨੂੰ ਪਰਣਾਏ ਹੋਏ ਹੁੰਦੇ ਹਨ। ਉਹ ਆਮ ਜਨਤਾ ਅਤੇ ਸਮਾਜ ਦੇ ਵੱਡੇ ਹਿੱਤਾਂ ਖਾਤਰ ਆਪਣੇ ਹਿੱਤ ਛਡ ਚੁਕੇ ਹੁੰਦੇ ਹਨ। ਸਮਾਜ ਦੇ ਭਲੇ ਵਿਚ ਉਹਨਾਂ ਦਾ ਆਪਣਾ ਭਲਾ ਹੁੰਦਾ ਹੈ। ਇਕ ਮੈਂਬਰ ਦੇ ਹਿੱਤਾਂ ਦਾ ਦੂਜੇ ਨਾਲ, ਇਕੋ ਮੰਜ਼ਲ ਦੇ ਪਾਂਧੀ ਹੋਣ ਕਰਕੇ, ਕੋਈ ਟਕਰਾਉ ਨਹੀਂ ਹੁੰਦਾ।

ਪਾਰਟੀ ਦੀ ਜਥੇਬੰਦੀ ਦਾ ਆਧਾਰ ਜਮਹੂਰੀ ਕੇਂਦਰਵਾਦ ਹੁੰਦਾ ਹੈ। ਜਥੇਬੰਦੀ ਜਮਹੂਰੀਅਤ ਅਤੇ ਕੇਂਦਰਵਾਦ ਦੇ ਦੋ ਤਾਕਤਵਰ ਪੈਰਾਂ ਉਤੇ ਖੜ੍ਹੀ ਹੋਈ ਹੁੰਦੀ ਹੈ। ਜਮਹੂਰੀ ਕੇਂਦਰਵਾਦ ਜਥੇਬੰਦੀ ਦਾ ਇਕ ਸਰਬੋਤਮ ਵਿਗਿਆਨਕ ਅਸੂਲ ਹੈ। ਇਹ ਅਸੂਲ ਪਾਰਟੀ ਦੇ ਸਾਰੇ ਜਥੇਬੰਦਕ ਕਾਰਜਾਂ ਦਾ ਪਥ-ਪਰਦਰਸ਼ਨ ਕਰਦਾ ਹੈ। ਇਥੇ ਇਸ ਅਸੂਲ ਬਾਬਤ ਕੁਝ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ। ਇਸ ਮੁਤਾਬਿਕ ਪਹਿਲਾਂ ਪਾਰਟੀ ਦੇ ਪਰੋਗਰਾਮ ਨਾਲ ਸੰਮਤੀ ਰੱਖਣ ਵਾਲੇ ਲੋਕ ਪਾਰਟੀ ਦੇ ਮੈਂਬਰ ਭਰਤੀ ਕੀਤੇ ਜਾਂਦੇ ਹਨ। ਫੇਰ ਉਹ ਰਿਹਾਇਸ਼ ਜਾਂ ਕੰਮ ਦੇ ਸਥਾਨ ਮੁਤਾਬਿਕ ਯੂਨਿਟਾਂ ਵਿਚ ਵੰਡੇ ਜਾਂਦੇ ਹਨ। ਫੇਰ ਇਹਨਾਂ ਮੈਂਬਰਾਂ ਦੇ ਚੁਣੇ ਡੈਲੀਗੇਟ ਹੇਠਾਂ ਤੋਂ ਉਪਰ ਵਲ ਏਰੀਆ, ਜ਼ਿਲ੍ਹਾ, ਸੂਬਾ ਅਤੇ ਕੇਂਦਰੀ ਕਮੇਟੀਆਂ ਤੇ ਕੌਂਸਲਾਂ ਦੀ ਚੋਣ ਕਰਦੇ ਹਨ। ਹਰ ਪੱਧਰ ਉਤੇ ਫ਼ੈਸਲੇ ਸਰਬ-ਸੰਮਤੀ ਨਾਲ ਲਏ ਜਾਂਦੇ ਹਨ, ਜਾਂ ਜੇ ਸਰਬ-ਸੰਮਤੀ ਸੰਭਵ ਨਾ ਹੋਵੇ, ਤਾਂ ਫ਼ੈਸਲੇ ਬਹੁ-ਗਿਣਤੀ ਨਾਲ ਲਏ ਜਾਂਦੇ ਹਨ। ਇਕ ਵਾਰ ਫ਼ੈਸਲਾ ਹੋ ਜਾਣ ਮਗਰੋਂ ਉਹ ਫ਼ੈਸਲਾ ਘੱਟ-ਗਿਣਤੀ ਲਈ ਮੰਨਣਾ ਲਾਜ਼ਮੀ ਹੁੰਦਾ ਹੈ। ਸੋ ਇੰਜ ਜਮਹੂਰੀਅਤ ਪਾਰਟੀ ਦੇ ਸਮੁਚੇ ਢਾਂਚੇ ਵਿਚ ਸਿਖਰ ਉਤੇ ਪਹੁੰਚ ਜਾਂਦੀ ਹੈ।



ਹੇਠਾਂ ਤੋਂ ਪਾਰਟੀ ਮੈਂਬਰਾਂ ਦੀ ਰਾਇ ਉਪਰ ਨੂੰ ਜਾਂਦੀ ਹੈ। ਉਪਰੋਂ ਇਸ ਰਾਇ ਦੇ ਆਧਾਰ ਉਤੇ ਲਏ ਗਏ ਫ਼ੈਸਲੇ ਹੇਠਾਂ ਨੂੰ ਤੁਰਦੇ ਹਨ। ਹਰ ਪੱਧਰ ਉਤੇ ਲੀਡਰਸ਼ਿਪ ਜਥੇਬੰਦੀ ਸਾਹਮਣੇ ਆਪਣੇ ਕੰਮ ਬਾਰੇ ਰਿਪੋਰਟਾਂ ਪੇਸ਼ ਕਰਦੀ ਹੈ। ਇੰਜ ਜਮਹੂਰੀਅਤ ਕੇਂਦਰਵਾਦ ਨੂੰ ਪੂਰਨਤਾ ਦਿੰਦੀ ਹੈ ਅਤੇ ਕੇਂਦਰਵਾਦ ਜਮਹੂਰੀਅਤ ਨੂੰ ਪੂਰਨਤਾ ਦਿੰਦਾ ਹੈ। ਇੰਜ ਹਰ ਪੱਧਰ ਉਤੇ ਪਾਰਟੀ ਦੀ ਲੀਡਰਸ਼ਿਪ ਨੂੰ ਉਹ ਅਧਿਕਾਰ ਵੀ ਪਰਾਪਤ ਹੋ ਜਾਂਦਾ ਹੈ, ਜਿਸ ਰਾਹੀਂ ਉਹ ਜਥੇਬੰਦੀ ਨੂੰ ਟੀਚੇ ਵਲ ਵਧਾ ਸਕੇ ਅਤੇ ਹਰ ਪੱਧਰ ਉਤੇ ਜਮਹੂਰੀਅਤ ਨੂੰ ਵੀ ਤਾਕਤ ਮਿਲਦੀ ਹੈ, ਜਿਸ ਰਾਹੀਂ ਹਰ ਇਕ ਮੈਂਬਰ ਪਾਰਟੀ ਦੀ ਇਮਾਰਤ ਵਿਚ ਉਸ ਮਹੱਤਵਪੂਰਨ ਇੱਟ ਵਾਂਗ ਹੋ ਜਾਂਦਾ ਹੈ, ਜਿਸ ਤੋਂ ਬਗ਼ੈਰ ਹੋਰ ਅਗੇ ਚਿਣਾਈ ਕੀਤੀ ਨਹੀਂ ਜਾ ਸਕਦੀ। ਪਾਰਟੀ ਡਸਿਪਲਨ ਹਰ ਇਕ ਕਮਿਊਨਿਸਟ ਉਤੇ, ਉਹ ਭਾਵੇਂ ਕੋਈ ਵੱਡਾ ਅਹੁਦੇਦਾਰ ਹੋਵੇ ਜਾਂ ਸਾਧਾਰਨ ਮੈਂਬਰ, ਇਕੋ ਪਰਕਾਰ ਲਾਗੂ ਹੁੰਦਾ ਹੈ। ਇੰਜ ਪਾਰਟੀ ਇਕ ਜਿੰਦ ਬਣ ਕੇ ਵਧਦੀ-ਫੁਲਦੀ ਹੈ।

ਇਹ ਤਾਂ ਰਿਹਾ ਜਥੇਬੰਦੀ ਬਾਬਤ ਸਿਧਾਂਤਕ ਪਹਿਲੂ। ਹੁਣ ਅਸੀਂ ਇਸ ਕਸੌਟੀ ਉਤੇ ਭਾਰਤੀ ਕਮਿਊਨਿਸਟ ਪਾਰਟੀਆਂ ਦਾ ਕਿਰਦਾਰ ਪਰਖਾਂਗੇ।

ਅਸੀਂ ਉਸ ਪਹਿਲੇ ਦੌਰ ਨੂੰ ਇਸ ਚਰਚਾ ਦੇ ਘੇਰੇ ਤੋਂ ਬਾਹਰ ਰਖਦੇ ਹਾਂ, ਜਿਸ ਸਮੇਂ ਅੰਗਰੇਜ਼ ਸਾਮਰਾਜੀਆਂ ਨੂੰ ਕੱਢਣ ਲਈ, ਰੂਸ ਦੀ ਇਨਕਲਾਬੀ ਲਹਿਰ ਤੋਂ ਪ੍ਰੇਰਿਤ ਹੋਕੇ, ਸਿਰਲੱਥ ਯੋਧੇ ਕਮਿਊਨਿਸਟ ਪਾਰਟੀ ਨਾਲ ਜੁੜੇ ਸਨ। ਉਹੋ ਹੀ ਲਹਿਰ ਦਾ ਸੁਨਹਿਰੀ ਕਾਲ ਸੀ।

ਉਪਰੋਕਤ ਸਿਧਾਂਤਕ ਪਹਿਲੂ ਦਸਦਿਆਂ ਅਸੀਂ ਦੇਖਿਆ ਸੀ ਕਿ ਕਮਿਊਨਿਸਟ ਪਾਰਟੀ ਲੋਕ-ਹਿੱਤ ਖਾਤਰ ਸਵੈਹਿੱਤ ਛੱਡ ਚੁਕੇ, ਇਕੋ ਵਿਚਾਰਧਾਰਾ ਨਾਲ ਅਤੇ ਪਰੋਗਰਾਮ ਨਾਲ ਪਰਣਾਏ ਇਨਕਲਾਬ ਦੇ ਪਾਂਧੀਆਂ ਦੀ ਜਥੇਬੰਦੀ ਹੁੰਦੀ ਹੈ। ਪਰ ਅਮਲ ਕਿੰਜ ਹੈ ? ਜਿਵੇਂ ਅਸੀਂ ਪਿਛਲੇ ਲੇਖ ਵਿਚ ਦੇਖਿਆ ਸੀ, ਨਵੀਂ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪ੍ਰਸਥਿਤੀ ਵਿਚ ਪਾਰਟੀ ਦੀ ਲੀਡਰੀ ਵੀ ਅਨੇਕਾਂ ਸਹੂਲਤਾਂ ਦਾ ਕਾਰਨ ਬਣ ਗਈ, ਜਿਸ ਕਰਕੇ ਬੁਰਜਵਾ ਤੇ ਲਘੂ-ਬੁਰਜਵਾ ਰਹਿਤਲ ਵਾਲੇ ਚਲਾਕ ਲੋਕ ਜਥੇਬੰਦੀ ਵਿਚ ਆ ਘੁਸੇ। ਸਿਧਾਂਤ, ਐਸੇ ਲੋਕਾਂ ਦੇ ਪਾਰਟੀ ਵਿਚ ਆਉਣ ਨੂੰ ਮਨ੍ਹਾਂ ਨਹੀਂ ਕਰਦਾ, ਪਰ ਸ਼ਰਤ ਉਹਨਾਂ ਦਾ ਡੀਕਲਾਸ ਹੋਣਾ ਹੁੰਦੀ ਹੈ। ਪਰੰਤੂ ਇਥੇ ਕੇਵਲ ਇਹੋ ਹੀ ਨਹੀਂ ਕਿ ਇਹ ਲੋਕ ਡੀਕਲਾਸ ਨਹੀਂ ਸਨ ਹੋਏ, ਬਲਕਿ ਆਪਣੀਆਂ ਬੁਰਜਵਾ ਤੇ ਲਘੂ-ਬੁਰਜਵਾ ਸੋਚਾਂ ਤੇ ਦਿਮਾਗੀ ਉਲਾਰਾਂ ਦੇ ਨਾਲ ਨਾਲ ਆਪਣੀ ਰਹਿਣੀ-ਬਹਿਣੀ ਵੀ ਲੈ ਕੇ ਆਏ। ਕਿਉਂ ਜੋ ਜਥੇਬੰਦੀ ਨੇ ਉਹਨਾਂ ਨੂੰ ਡੀਕਲਾਸ ਦੀ ਕੁਠਾਲੀ ਵਿਚ ਪਾ ਕੇ ਸ਼ੁੱਧ ਸੋਨਾ ਨਹੀਂ ਬਣਾਇਆ, ਇਹ ਵਿਗਾੜ ਪਾਰਟੀ ਦੀ ਨਾੜ-ਨਾੜ ਵਿਚ ਘਰ ਕਰਨ ਲਗਿਆ। ਅਜ ਪੰਜਾਬ ਵਿਚ ਸੀ. ਪੀ. ਆਈ. ਦੇ ਕੁਝ ਨੇਤਾਵਾਂ ਦਾ ਲੰਮੀਆਂ-ਚੌੜੀਆਂ ਜਾਂ ਦੋ-ਢਾਈ ਮੰਜ਼ਲੀਆਂ ਕੋਠੀਆਂ ਵਿਚ ਟੈਲੀਫ਼ੋਨਾਂ, ਫਰਿਜਾਂ, ਟੈਲੀਵਿਯਨਾਂ, ਨੌਕਰਾਂ ਚਾਕਰਾਂ ਨਾਲ ਰਹਿਣਾ ਅਤੇ ਕਾਰਾਂ ਦੇ ਮਾਲਕ ਹੋਣਾ, ਮਹਿੰਗੇ ਤੋਂ ਮਹਿੰਗੇ, ਜੇ ਹੋ ਸਕੇ ਤਾਂ ਇਮਪੋਰਟਿਡ ਕਪੜੇ ਪਹਿਨਣਾ (ਇਕ ਵਾਰ ਸੀ. ਪੀ. ਆਈ. ਦੇ ਇਕ ਸ਼ਰਧਾਲੂ ਮੈਂਬਰ ਨੇ ਮੈਨੂੰ ਬੜੇ ਮਾਣ ਨਾਲ ਦਸਿਆ ਸੀ ਕਿ ਬੁਰਜਵਾ ਲੋਕਾਂ ਨਾਲ ਭਰੀ ਪਾਰਲੀਮੈਂਟ ਵਿਚ ਸਾਡੇ ਇਕ ਨੇਤਾ ਦੀ ਪੁਸ਼ਾਕ ਸਭ ਤੋਂ ਮਹਿੰਗੀਆਂ ਵਿਚੋਂ ਹੁੰਦੀ ਹੈ) ਪਾਰਟੀ ਦੇ ਮੈਂਬਰਾਂ ਨੂੰ ਅਤੇ ਆਮ ਲੋਕਾਂ ਨੂੰ ਇਕ ਸਾਧਾਰਨ ਗੱਲ ਜਾਪਣ ਲੱਗ ਪਿਆ ਹੈ। ਹੁਣ ਅਜਿਹੀਆਂ ਗੱਲਾਂ ਬਾਬਤ ਪਾਰਟੀ ਵਿਚ ਕੋਈ ਪੁੱਛ ਦਸ ਨਹੀਂ ਕੀਤੀ ਜਾਂਦੀ।

ਸਿੱਧੇ ਆ ਕੇ ਪਾਰਟੀ ਦੀ ਲੀਡਰਸ਼ਿਪ ਵਿਚ ਉਤਾਰਾ ਕਰਨ ਵਾਲੇ ਇਹਨਾਂ ਬੁਰਜਵਾ ਲੋਕਾਂ

ਤੋਂ ਛੁੱਟ ਸਾਧਾਰਨ ਮੈਂਬਰਾਂ ਦੀ ਗੱਲ ਲਈਏ। ਪਾਰਟੀ-ਪਰੋਗਰਾਮ ਨਾਲ ਪਰਣਾਏ ਹੋਏ ਹੋਣਾ ਤਾਂ ਠੀਕ ਜ਼ਰੂਰੀ ਸ਼ਰਤ ਹੋ ਗਈ। ਪਰ ਇਹ ਗੱਲ ਤਾਂ ਤਦ ਹੋਵੇ, ਜੇਕਰ ਮੈਂਬਰਾਂ ਨੇ ਮੈਂਬਰੀ ਫ਼ਾਰਮ ਭਰਨ ਸਮੇਂ ਜਾਂ ਮਗਰੋਂ ਪਾਰਟੀ ਪਰੋਗਰਾਮ ਪੜ੍ਹਿਆ ਹੋਵੇ ਜਾਂ ਪੜ੍ਹਨ ਦੀ ਲੋੜ ਸਮਝੀ ਹੋਵੇ। ਹੁਣ ਤਾਂ ਪਾਰਟੀ ਦੀਆਂ ਇਲਾਕਾ-ਕਮੇਟੀਆਂ ਉਤੇ ਅਤੇ ਫੇਰ ਜ਼ਿਲ੍ਹਿਆਂ ਉਤੇ ਕਬਜ਼ਾ ਕਰਨ ਲਈ ਅਤੇ ਅੰਤ ਨੂੰ ਸੂਬੇ ਵਿਚ ਆਪਣੀ ਚੌਧਰ ਸਥਾਪਤ ਰਖਣ ਲਈ ਮੈਂਬਰ ਭਰਤੀ ਕੀਤੇ ਜਾਂਦੇ ਹਨ। ਇਹ ਮੈਂਬਰ ਪਾਰਟੀ-ਪਰੋਗਰਾਮ ਦੇ ਨਹੀਂ, ਬਲਕਿ ਉਸ ਸਥਾਨਕ ਨੇਤਾ ਦੇ ਵਫ਼ਾਦਾਰ ਹੁੰਦੇ ਹਨ, ਜਿਹੜਾ ਉਹਨਾਂ ਨੂੰ ਪਾਰਟੀ ਵਿਚ ਲਿਆਉਂਦਾ ਹੈ। ਉਸੇ ਮਗਰ ਹੀ ਉਹ ਆਗਿਆਕਾਰਤਾ ਨਾਲ ਹੱਥ ਖੜ੍ਹੇ ਕਰ ਦਿੰਦੇ ਹਨ। ਇਸ ਗੱਲ ਨੂੰ ਸਪੱਸ਼ਟ ਕਰਨ ਲਈ ਇਹ ਚੇਤੇ ਕਰਨਾ ਕਾਫ਼ੀ ਹੈ ਕਿ ਪਾਰਟੀ ਦੀ ਦੁਫੇੜ ਸਮੇਂ ਜਿਧਰ ਸੂਬਾਈ, ਜ਼ਿਲ੍ਹਾ ਤੇ ਇਲਾਕਾ ਲੀਡਰਸ਼ਿਪਾਂ ਗਈਆਂ, ਉਧਰ ਹੀ ਉਹ ਸੂਬੇ, ਜ਼ਿਲ੍ਹੇ ਤੇ ਇਲਾਕੇ—ਜਾਂ ਸੀ. ਪੀ. ਆਈ. ਵਿਚ ਜਾਂ ਸੀ. ਪੀ. ਐਮ. ਵਿਚ—ਚਲੇ ਗਏ। ਇਹੋ ਗੱਲ ਹੀ ਸਾਡੇ ਪੰਜਾਬ ਨਾਲ ਵਾਪਰੀ।

ਪਾਰਟੀ ਮੈਂਬਰਾਂ ਨੂੰ ਇੰਜ ਆਪਣੇ ਹੱਥ ਵਿਚ ਕਰਨ ਦਾ ਅਮਲ ਏਨਾਂ ਜ਼ੋਰ ਫੜ ਚੁਕਿਆ ਹੈ ਕਿ ਉਪਰੋਂ ਹੇਠਾਂ ਤਕ ਕਮਿਊਨਿਸਟ ਪਾਰਟੀਆਂ ਵਿਚ ਪੱਕੇ ਧੜੇ ਬਣੇ ਹੋਏ ਹਨ। ਇਹ ਧੜੇ ਇਕੋ ਪਾਰਟੀ ਦੇ ਅੰਦਰ ਹੁੰਦੇ ਹੋਏ ਵੀ ਬਾਰਾਂ ਮਿਸਲਾਂ ਵਾਂਗ ਇਕ ਦੂਜੇ ਨਾਲ ਟਕਰਦੇ ਰਹਿੰਦੇ ਹਨ। ਇਕੋ ਹੀ ਪਾਰਟੀ ਦੇ ਇਹ ਧੜੇ ਇਕ ਦੂਜੇ ਦੇ ਚੌਧਰੀਆਂ ਤੇ ਮੈਂਬਰਾਂ ਦੀ ਰੱਜ ਕੇ ਨਿੰਦਿਆ ਕਰਦੇ ਹਨ ਅਤੇ ਇਕ ਦੂਜੇ ਦੀਆਂ ਲੱਤਾਂ ਖਿੱਚਣ ਲਈ ਉਹ ਉਹ ਕਰਤੂਤਾਂ ਕੀਤੀਆਂ ਜਾਂਦੀਆਂ ਹਨ, ਜੋ ਬੁਰਜਵਾ ਪਾਰਟੀਆਂ ਵਿਚ ਵੀ ਨਹੀਂ ਕੀਤੀਆਂ ਜਾਂਦੀਆਂ।

ਬਹੁਤ ਧਿਆਨ ਨਾਲ ਦੇਖਣ ਵਾਲਾ ਇਕ ਨੁਕਤਾ ਇਹ ਹੈ ਕਿ ਹਰ ਪੱਧਰ ਉਤੇ ਲੀਡਰਸ਼ਿਪ ਦੀ ਚੋਣ ਵਿਚ ਜਮਹੂਰੀ ਕੇਂਦਰਵਾਦ ਦੇ ਪਰਖਚੇ ਉਡਾ ਕੇ ਰੱਖ ਦਿਤੇ ਗਏ ਹਨ। ਬਜਾਇ ਇਸ ਦੇ ਕਿ ਹੇਠੋਂ ਮੈਂਬਰ ਚੋਣਾਂ ਦਾ ਅਮਲ ਆਰੰਭ ਕਰਨ ਅਤੇ ਸੂਬੇ ਤੱਕ ਤੇ ਅਗੇ ਕੇਂਦਰ ਤਕ ਜਮਹੂਰੀ ਢੰਗ ਨਾਲ ਇਹ ਅਮਲ ਸਿਰੇ ਚੜ੍ਹੇ, ਉਲਟਾ ਇਹ ਅਮਲ ਉਪਰੋਂ ਹੁਕਮਨਾਮਿਆਂ ਦੀ ਸ਼ਕਲ ਵਿਚ ਹੇਠਾਂ ਨੂੰ ਵਾਪਰਦਾ ਹੈ। ਦੋਵਾਂ ਹੀ ਕਮਿਊਨਿਸਟ ਪਾਰਟੀਆਂ ਵਿਚ ਕੇਂਦਰ ਵਿਚ ਵਾਗਡੋਰ ਦਾ ਮਾਲਕ ਧੜਾ ਬੈਠ ਕੇ ਮਤਾ ਪਕਾਉਂਦਾ ਹੈ ਕਿ ਕਿਸ ਸੂਬੇ ਵਿਚ ਕਿਸ ਕਿਸ ਨੂੰ ਅਗੇ ਲਿਆਉਣਾ ਹੈ ਅਤੇ ਫੇਰ ਇਹੋ ਤਰੀਕਾ ਹੇਠਾਂ ਤਕ ਪੁਜਦਾ ਹੈ। ਜਿਹੜੇ ਮਤੇ ਪਕਾਉਂਦੇ ਹਨ, ਉਹਨਾਂ ਨੇ ਉਹਨਾਂ ਨੂੰ ਸਫਲ ਕਰਨ ਲਈ ਵੀ ਰਾਹ ਰਖੇ ਹੋਏ ਹਨ। ਇਸ ਬਾਬਤ ਦੋ ਗੱਲਾਂ ਬਹੁਤ ਹੀ ਵਰਨਣ-ਯੋਗ ਹਨ (1) ਚੋਣਕਾਰਾਂ ਦੀ ਬਹੁਗਿਣਤੀ ਬਾਰੇ ਹੇਰਾਫੇਰੀ ਅਤੇ (2) ਪੈਨਲ-ਸਿਸਟਮ।

(1) ਪਾਰਟੀ ਦੇ ਅੰਦਰ ਜਿਸ ਕਿਸੇ ਵੀ ਕਮੇਟੀ, ਕੌਂਸਲ ਜਾਂ ਸਕੱਤਰੇਤ ਆਦਿਕ ਦੀ ਚੋਣ ਹੋਣੀ ਹੁੰਦੀ ਹੈ, ਕਾਬਜ਼ ਧੜਾ ਚੋਣ ਕਰਨ ਵਾਲਿਆਂ ਵਿਚ ਆਪਣੀ ਬਹੁਗਿਣਤੀ ਪਹਿਲਾਂ ਹੀ ਪੱਕੀ ਕਰ ਚੁਕਿਆ ਹੁੰਦਾ ਹੈ। ਸਾਰੇ ਸਾਲ ਦੇ ਦੌਰਾਨ ਆਪਣੇ ਧੜੇ ਦੇ ਬੰਦੇ ਅਤੇ ਵਫ਼ਾਦਾਰ ਸ਼ਖਸ ਪਾਰਟੀ ਦੀਆਂ ਜਨਤਕ ਜਥੇਬੰਦੀਆਂ ਦੇ ਆਗੂ ਬਣਾ ਲਏ ਜਾਂਦੇ ਹਨ, ਜਿਸ ਕਾਰਨ ਉਹ ਪਾਰਟੀ ਦੇ ਆਗੂਆਂ ਦੀ ਚੋਣ ਦੇ ਅਵਸਰ ਉਤੇ ਚੋਣ ਕਰਨ ਵਾਲਿਆਂ ਵਿਚ ਸ਼ਾਮਲ ਹੋਣੇ ਹੁੰਦੇ ਹਨ। ਉਦਾਹਰਣ ਦੇ ਤੌਰ ਉਤੇ ਸੂਬੇ ਦੀ ਪੱਧਰ ਉਤੇ ਮੁੱਖ ਨੇਤਾ ਵਲੋਂ ਆਪਣੀ ਜਾਂ ਆਪਣੇ ਕਿਸੇ ਖ਼ਾਸ ਆਦਮੀ ਦੀ ਪਤਨੀ ਨੂੰ ਇਸਤਰੀ ਨੇਤਾ ਨਿਯੁਕਤ ਕਰ ਦਿਤਾ ਜਾਂਦਾ ਹੈ, ਆਪਣੇ ਕਿਸੇ ਨੌਜਵਾਨ ਆਗਿਆਕਾਰ ਤੇ ਵਫ਼ਾਦਾਰ ਨੂੰ ਨੌਜਵਾਨਾਂ ਦੀ ਜਥੇਬੰਦੀ ਦਾ ਆਗੂ ਥਾਪ ਦਿਤਾ ਜਾਂਦਾ ਹੈ ਅਤੇ ਇਸੇ ਪਰਕਾਰ ਹੀ



ਕੁਝ ਅਸਲੀ ਤੇ ਕੁਝ ਕਾਗਜ਼ੀ ਜਥੇਬੰਦੀਆਂ, ਜਿਹਾ ਕਿ ਦਿਹਾਤੀ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਲੇਖਕਾਂ ਆਦਿਕ ਦੇ ਨੇਤਾ ਮੁਕੱਰਰ ਕੀਤੇ ਜਾਂਦੇ ਹਨ। ਇਹ ਸਾਰੇ ਆਪਣੇ ਅਹੁਦੇ ਕਾਰਨ ਸੂਬਾਈ ਆਗੂਆਂ ਦੀ ਚੋਣ ਸਮੇਂ ਵੋਟ ਦੇ ਅਧਿਕਾਰੀ ਹੁੰਦੇ ਹਨ। ਇਸ ਹੇਰਫੇਰ ਅਤੇ ਹੋਰ ਐਸੇ ਅਨੇਕਾਂ ਹੇਰਫੇਰਾਂ ਰਾਹੀਂ ਆਪਣੀ ਬਹੁ-ਗਿਣਤੀ ਪੱਕੀ ਕਰ ਲਈ ਗਈ ਹੁੰਦੀ ਹੈ। ਐਸ਼ ਕਰਨ ਲਈ ਸਾਲ, ਛਿਮਾਹੀ ਜਾਂ ਤਿਮਾਹੀ ਲਈ ਰੂਸ ਭੇਜਣਾ, ਬੱਚੇ ਨੂੰ ਲਮੂੰਬਾ ਯੂਨੀਵਰਸਿਟੀ ਵਿਚ ਦਾਖ਼ਲਾ ਦੁਆਉਣਾ ਤੇ ਹੋਰ ਐਸੀਆਂ ਸਹੂਲਤਾਂ ਦਾ ਪ੍ਰਬੰਧ ਕਰਨਾ ਵੀ ਸ਼ਾਮਲ ਹੈ।

(2) ਪੈਨਲ-ਸਿਸਟਮ ਪਾਰਟੀ ਅੰਦਰ ਨੇਤਾਗੀਰੀ ਸਥਾਪਤ ਰਖਣ ਦੀ ਇਕ ਬਹੁਤ ਹੀ ਚਲਾਕ ਅਤੇ ਜਮਹੂਰੀਅਤ-ਵਿਰੋਧੀ ਵਿਧੀ ਹੈ। ਇਸ ਮੁਤਾਬਿਕ ਹਰ ਪੱਧਰ ਉਤੇ ਪਹਿਲਾਂ ਵਾਲੀ ਲੀਡਰਸ਼ਿਪ ਆਪਣੀ ਥਾਂ ਨਵੇਂ ਚੁਣੇ ਜਾਣ ਵਾਲੇ ਨੇਤਾਵਾਂ ਦੇ ਨਾਵਾਂ ਦਾ ਪੈਨਲ ਪੇਸ਼ ਕਰਦੀ ਹੈ। ਜ਼ਾਹਿਰ ਹੈ ਕਿ ਇਸ ਲਿਸਟ ਦੇ ਬੰਦੇ ਕਾਬਜ਼ ਧੜੇ ਦੇ ਹੀ ਹੁੰਦੇ ਹਨ। ਆਮ ਮੈਂਬਰਾਂ ਵਿਚ ਭੁਲੇਖਾ ਰੱਖਣ ਲਈ ਵਿਰੋਧੀਆਂ ਵਿਚੋਂ ਇਕ ਦੋ ਨਾਂ ਸ਼ਾਮਲ ਕਰ ਲਏ ਜਾਂਦੇ ਹਨ, ਕਿਉਂਕਿ ਕਾਬਜ਼ ਧੜੇ ਦੀ ਬਹੁ-ਗਿਣਤੀ ਸਾਹਮਣੇ ਵਿਰੋਧੀ ਧੜੇ ਦੀਆਂ ਇਹਨਾਂ ਇਕ-ਦੋ ਵੋਟਾਂ ਨੇ ਕੀ ਕਰ ਲੈਣਾ ਹੁੰਦਾ ਹੈ? ਫਿਰ ਇਸ ਪੈਨਲ ਦੇ ਤੋੜਨ ਵਾਲੇ ਨੂੰ, ਭਾਵ ਮੁਕਾਬਲੇ ਵਿਚ ਨਵਾਂ ਨਾਂ ਪੇਸ਼ ਕਰਨ ਵਾਲੇ ਨੂੰ "ਪਾਰਟੀ ਦੀ ਏਕਤਾ ਭੰਗ ਕਰਨ ਵਾਲਾ", "ਧੜੇਬਾਜ਼", "ਗੁੱਟਬੰਦਕ" ਤੇ "ਜਥੇਬੰਦੀ ਦਾ ਗ਼ੱਦਾਰ" ਤੇ ਹੋਰ ਪਤਾ ਨਹੀਂ ਕੀ ਕੁਝ ਕਹਿ ਕੇ ਭੰਡਿਆ ਜਾਣਾ ਹੁੰਦਾ ਹੈ। ਇਸ ਗੱਲੋਂ ਡਰਦਾ ਕੋਈ ਪੈਨਲ ਨੂੰ ਤੋੜਦਾ ਨਹੀਂ। ਜੇ ਤੋੜ ਵੀ ਦੇਵੇ, ਭਾਵ ਨਵਾਂ ਨਾਂ ਦਾਖ਼ਲ ਕਰ ਵੀ ਦੇਵੇ, ਤਾਂ ਉਪਰੋਕਤ ਅਨੁਸਾਰ ਬਹੁ-ਗਿਣਤੀ ਤਾਂ ਹੇਰਾਫੇਰੀ ਨਾਲ ਪਹਿਲਾਂ ਹੀ ਹੱਥ ਵਿਚ ਕਰ ਲਈ ਗਈ ਹੁੰਦੀ ਹੈ। ਪੈਨਲ ਤੋੜਨ ਵਾਲੇ ਨੂੰ ਮੂੰਹ ਦੀ ਖਾਣੀ ਪੈਂਦੀ ਹੈ।

ਕਾਬਜ਼ ਧੜੇ ਨੂੰ ਗੱਦੀਆ ਉਤੇ ਡਟੇ ਰਹਿਣ ਵਿਚ ਪਾਰਟੀ ਦੀ ਧੜਿਆਂ ਵਿਚ ਵੰਡ ਵੀ ਸਹਾਈ ਹੁੰਦੀ ਹੈ। ਉਦਾਹਰਣ ਦੇ ਤੌਰ ਉਤੇ ਹਾਲ ਹੀ ਵਿਚ ਪੰਜਾਬ ਸੀ. ਪੀ. ਆਈ. ਦੀ ਕਾਬਜ਼ ਲੀਡਰਸ਼ਿਪ ਨੂੰ ਬਦਲੇ ਜਾਣ ਦੀ ਆਵਾਜ਼ ਲੋਕ ਸਭਾ ਅਤੇ ਅਸੈਂਬਲੀ ਦੀਆਂ ਇਲੈਕਸ਼ਨਾਂ ਸਮੇਂ ਦੀਆਂ ਘਟਨਾਵਾਂ ਕਾਰਨ ਉਪਰੋਂ ਹੇਠਾਂ ਤਕ ਉਠੀ ਸੀ। ਪਰ ਕਾਬਜ਼ ਧੜੇ ਤੋਂ ਇਲਾਵਾ ਦੋ ਧੜੇ ਹੋਰ ਸਨ—ਇਕ ਬੁਰਜਵਾ ਰਹਿਤਲ ਵਾਲੇ ਨੇਤਾ ਦਾ, ਜੋ ਸਕੱਤਰੀ ਦਾ ਉਮੀਦਵਾਰ ਵੀ ਸੀ ਅਤੇ ਦੂਜਾ ਇਕ ਮਜ਼ਦੂਰ ਨੇਤਾ ਦਾ। ਕਿਉਂਕਿ ਇਹ ਦੂਜਾ ਧੜਾ ਪਹਿਲੇ ਦਾ ਸਾਥ ਦੇ ਕੇ ਉਹਨਾਂ ਦੇ ਆਪਣੇ ਆਖਣ ਮੁਤਾਬਿਕ "ਫੋੜੇ ਦੀ ਥਾਂ ਪਲੇਗ" ਸਹੇੜਨ ਲਈ ਤਿਆਰ ਨਹੀਂ ਸੀ, ਕਾਬਜ਼ ਧੜਾ ਬੜੀ ਆਸਾਨੀ ਨਾਲ ਗੱਦੀ ਉਤੇ ਉਸੇ ਤਰ੍ਹਾਂ ਹੀ ਬਿਰਾਜਮਾਨ ਰਹਿ ਗਿਆ।

ਗੱਦੀ ਉਤੇ ਸਥਾਪਿਤ ਰਹਿ ਸਕਣ ਦੀ ਐਸੀ ਤਾਕਤ ਲੀਡਰਸ਼ਿਪ ਨੂੰ ਮਨਮਾਨੀਆਂ ਕਰਨ ਦੇ ਰਾਹ ਪਾਉਂਦੀ ਹੈ, ਜਿਸ ਵਿਚ ਜਥੇਬੰਦੀ ਦੇ ਸਾਰੇ ਨੇਮ ਛਿੱਕੇ ਉਤੇ ਟੰਗ ਦਿਤੇ ਜਾਂਦੇ ਹਨ। ਉਦਾਹਰਣ ਦੇ ਤੌਰ ਉਤੇ ਪੰਜਾਬ ਵਿਚ ਲੋਕ ਸਭਾ ਦੀਆਂ ਚੋਣਾਂ ਸਮੇਂ ਸੀ. ਪੀ. ਆਈ. ਦਾ ਕਾਂਗਰਸ ਨਾਲ ਲੈਣ-ਦੇਣ ਨਿਸਚਿਤ ਕਰਨ ਵੇਲੇ ਕੋਈ ਵੀ ਤਿੰਨ ਸੀਟਾਂ ਲੈਣ ਦਾ ਫ਼ੈਸਲਾ ਕੀਤਾ ਗਿਆ ਸੀ। ਇਕ ਕਾਬਜ਼ ਨੇਤਾ ਨੇ, ਜੋ ਖ਼ੁਦ ਵੀ ਕੈਂਡੀਡੇਟ ਸੀ, ਇਸ "ਕੋਈ ਤਿੰਨ ਸੀਟਾਂ" ਨੂੰ "ਇਕ ਸੀਟ ਹਰ ਹਾਲਤ ਵਿਚ ਆਪਣੀ, ਜਮ੍ਹਾਂ ਕੋਈ ਦੋ ਹੋਰ ਸੀਟਾਂ" ਵਿਚ ਬਦਲ ਲਿਆ। ਇਸ ਕਾਰਨ ਸਮਝੌਤੇ ਦੀ ਗੱਲ ਪੂਰੀ ਤਰ੍ਹਾਂ ਟੁੱਟ ਗਈ ਤੇ ਪਾਰਟੀ ਦੇ ਫ਼ੈਸਲੇ ਦੀ ਉਲੰਘਣਾ ਹੋਈ।

ਇਸ ਉਪਰੰਤ, ਇਸ ਟੁੱਟ ਭੁੱਟ ਵਿਚ ਉਸ ਨੇਤਾ ਦੀ ਪੰਜਾਬ ਕਾਂਗਰਸ ਦੇ ਇਕ ਪਰਮੁੱਖ ਨੇਤਾ

ਨਾਲ ਯਾਰੀ ਨੇ ਵੀ ਭੂਮਿਕਾ ਨਿਭਾਈ। ਇਸ ਯਾਰ ਕਾਂਗਰਸੀ ਨੇਤਾ ਦਾ ਵਿਰੋਧੀ ਇਕ ਹੋਰ ਕਾਂਗਰਸੀ ਨੇਤਾ ਕਾਮਰੇਡ ਵਾਲੀ ਸੀਟ ਤੋਂ ਹੀ ਕਾਂਗਰਸ ਦਾ ਕੈਂਡੀਡੇਟ ਸੀ। ਜੇ ਕਾਮਰੇਡ ਖੜ੍ਹਾ ਰਹਿੰਦਾ, ਤਾਂ ਕਾਂਗਰਸੀ ਕੈਂਡੀਡੇਟ ਦਾ ਹਾਰਨਾ ਨਿਸਚਿਤ ਸੀ। ਯਾਰ ਕਾਂਗਰਸੀ ਨੇਤਾ ਦਾ ਇਹੋ ਮਨੋਰਥ ਸੀ। ਸੋ ਉਸ ਦੀਆਂ ਤੇ ਕਾਮਰੇਡ ਨੇਤਾ ਦੀਆਂ ਮੀਟਿੰਗਾਂ ਹੋਈਆਂ। ਇਕ ਗੁਪਤ ਮੀਟਿੰਗ ਵਿਚ ਗੱਲਬਾਤ ਹੋਈ ਤੇ ਲੈਣ-ਦੇਣ ਦਾ ਨਿਰਣੈ ਹੋਇਆ। ਕਾਮਰੇਡ ਨੇਤਾ ਡਟਿਆ ਰਿਹਾ। ਸਮਝੌਤਾ ਟੁੱਟ ਗਿਆ। ਯਾਰ ਕਾਂਗਰਸੀ ਨੇਤਾ ਦਾ ਵਿਰੋਧੀ ਕਾਂਗਰਸੀ ਥੋੜ੍ਹੇ ਜਿਹੇ ਵੋਟਾਂ ਨਾਲ ਹਾਰ ਗਿਆ। ਇਸੇ ਗੱਲ ਉਤੇ ਸੀ. ਪੀ. ਆਈ. ਪੰਜਾਬ ਦੀਆਂ ਤਿੰਨੇ ਸੀਟਾਂ ਤੋਂ ਜ਼ਮਾਨਤਾਂ ਜ਼ਬਤ ਕਰਾ ਬੈਠੀ। ਪਰ ਇਸ ਦਾ ਕਾਮਰੇਡ ਨੇਤਾ ਨੂੰ ਕੋਈ ਫ਼ਿਕਰ ਨਹੀਂ ਸੀ। ਉਸ ਨੇ ਕਾਂਗਰਸੀ ਯਾਰ ਨਾਲ ਯਾਰੀ ਨੂੰ ਤਾਂ ਆਂਚ ਨਹੀਂ ਸੀ ਆਉਣ ਦਿਤੀ, ਪਾਰਟੀ ਜਾਵੇ ਢੱਠੇ ਖੂਹ ਵਿਚ! ਇਸੇ ਚੋਣ ਵਿਚ ਇਹ ਅਜੀਬ ਗੱਲ ਵੀ ਵਾਪਰੀ ਕਿ ਚੋਣ-ਫੰਡ ਤੇ ਕਾਡਰ ਸਾਰਾ ਨੇਤਾ ਨੇ ਆਪਣੀ ਸੀਟ ਉਤੇ ਝੋਕ ਦਿਤਾ ਅਤੇ ਬਾਕੀ ਦੋ ਸੀਟਾਂ ਖਾਲੀ ਰਹਿ ਗਈਆਂ। ਇਸ ਕਾਰਨ ਪਹਿਲਾਂ ਦੀ ਜੇਤੂ ਸੀਟ ਦੇ ਐਮ. ਪੀ. ਦੀ ਵੀ ਜ਼ਮਾਨਤ ਜ਼ਬਤ ਹੋ ਗਈ। ਇਹਨਾਂ ਸਾਰੀਆਂ ਗੱਲਾਂ ਦੀ ਪੰਜਾਬ ਸੀ. ਪੀ. ਆਈ. ਵਿਚ ਬੜੀ ਲੈ ਦੇ ਤੂੰ...ਤੂੰ...ਮੈਂ...ਮੈਂ ਹੋਈ। ਪਰ ਨਤੀਜਾ ਕੀ ਨਿਕਲਿਆ? ਸਭ ਕੁਝ ਦੇ ਬਾਵਜੂਦ ਉਪਰੋਕਤ ਕਾਰਨਾਂ ਕਰਕੇ ਕਾਬਿਜ਼ ਨੇਤਾ ਜਿਉਂ-ਦਾ-ਤਿਉਂ ਕਾਬਜ਼ ਰਹਿ ਗਿਆ।

ਕਾਬਜ਼ ਧੜੇ ਵਿਰੁਧ ਇਲਜ਼ਾਮਾਂ ਨੂੰ ਟਾਲਣ ਦਾ ਇਕ ਹੋਰ ਤਰੀਕਾ ਮੀਟਿੰਗ ਮੌਕਾ ਦੇਖ ਕੇ ਕਰਨਾ ਹੈ। ਜੇ ਕਾਬਜ ਧੜੇ ਵਿਰੁਧ ਕੋਈ ਦੋਸ਼ ਵਿਚਾਰਿਆ ਜਾਣਾ ਹੋਵੇ, ਸੈਕਟਰੀਏਟ ਜਾਂ ਐਗਜ਼ੈਕਟਿਵ ਦੀ ਮੀਟਿੰਗ ਐਸੇ ਮੌਕੇ ਸੱਦੀ ਜਾਂਦੀ ਹੈ, ਜਦੋਂ ਵਿਰੋਧੀ ਧੜੇ ਦੇ ਕੁਝ ਮੈਂਬਰ ਬੀਮਾਰੀ ਕਾਰਨ, ਕਿਸੇ ਸ਼ਾਦੀ, ਮੌਤ ਜਾਂ ਹੋਰ ਘਰੇਲੂ ਰੁਝੇਵੇਂ ਕਾਰਨ, ਪੰਜਾਬੋਂ ਬਾਹਰ ਗਏ ਹੋਣ ਕਾਰਨ ਜਾਂ ਕਿਸੇ ਹੋਰ ਕਾਰਨ ਮੀਟਿੰਗ ਵਿਚ ਹਾਜ਼ਰ ਨਾ ਹੋ ਸਕਣ। ਫਿਰ ਮੀਟਿੰਗ ਸੱਦ ਕੇ ਝਟ-ਪਟ ਫ਼ੈਸਲਾ ਕਰ ਲਿਆ ਜਾਂਦਾ ਹੈ। ਵਰਨਾ ਅਜਿਹੀਆਂ ਗੱਲਾਂ ਆਪਣੀ ਬਹੁ-ਗਿਣਤੀ ਦੇ ਸਹਾਰੇ ਕਈ ਕਈ ਮਹੀਨੇ ਏਜੰਡੇ ਉਤੇ ਆਉਣ ਹੀ ਨਹੀਂ ਦਿਤੀਆਂ ਜਾਂਦੀਆਂ। ਐਸਾ ਸਟੰਟ ਵੀ ਕਦੀ ਕਦੀ ਹੀ ਕੀਤਾ ਜਾਂਦਾ ਹੈ, ਵਰਨਾ ਵਿਰੋਧੀ ਧੜੇ ਦੀਆਂ ਸ਼ਕਾਇਤਾਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿਤਾ ਜਾਂਦਾ ਹੈ। ਉਹਨਾਂ ਉਪਰ ਵਿਚਾਰ ਦਾ ਕੋਈ ਮੌਕਾ ਹੀ ਪੈਦਾ ਨਹੀਂ ਹੋਣ ਦਿਤਾ ਜਾਂਦਾ।

ਇਹਨਾਂ ਸਾਰੇ ਹਾਲਾਤ ਕਾਰਨ ਕਾਡਰ ਵਿਚ ਅਜੀਬ ਬੇ-ਦਿਲੀ ਪੈਦਾ ਹੋ ਗਈ ਹੈ। ਜਿਹੜੇ ਲੋਕ ਕਾਬਜ਼ ਧੜੇ ਨਾਲ ਜੁੜੇ ਹੋਏ ਹਨ, ਉਹ ਐਸ਼ ਕਰਦੇ ਹਨ। ਉਹਨਾਂ ਲਈ ਹਰ ਕੁਰੱਪਸ਼ਨ, ਹਰ ਗੁਨਾਹ ਮਾਫ਼ ਹੈ। ਜਿਹੜੇ ਵਿਰੋਧੀ ਧੜੇ ਨਾਲ ਹਨ, ਉਹਨਾਂ ਨੂੰ ਰਗੜਾ ਫਿਰਦਾ ਰਹਿੰਦਾ ਹੈ। ਪਰ ਉਹ ਆਪਣੇ ਦਿਲ ਨੂੰ ਇਹ ਆਖ ਕੇ ਤਸੱਲੀ ਦੇ ਲੈਂਦੇ ਹਨ ਕਿ ਉਹ ਤਾਂ ਸਿਧਾਂਤ ਅਤੇ ਪਾਰਟੀ ਦੇ ਵਫ਼ਾਦਾਰ ਹਨ, ਲੀਡਰਸ਼ਿਪ ਮਾੜੀ ਹੈ ਤਾਂ ਕੀ ਹੋਇਆ। ਕੁਝ ਲੋਕ ਦਲੇਰੀ ਕਰਕੇ ਇਸ ਵਿਹੁ-ਚੱਕਰ ਨੂੰ ਤੋੜ ਕੇ ਨਿਕਲ ਜਾਂਦੇ ਹਨ। ਜਿਹਾ ਕਿ ਅਸੀਂ ਉਪਰ ਕਿਹਾ ਹੈ, ਪਾਰਟੀ ਦਾ ਹਰ ਇਕ ਮੈਂਬਰ ਇਮਾਰਤ ਵਿਚ ਇੱਟ ਵਾਂਗ ਹੁੰਦਾ ਹੈ। ਕੁਝ ਇੱਟਾਂ ਦੇ ਨਿਕਲਿਆਂ, ਦੂਜੀਆਂ ਇੱਟਾਂ ਦੇ ਨਿਕਲਣ ਦਾ ਡਰ ਵੀ ਪੈਦਾ ਹੋਣਾ ਚਾਹੀਦਾ ਹੈ ਅਤੇ ਇਮਾਰਤ ਵਿਚ ਥੋਥਾਪਣ ਵੀ ਦਿਖਾਈ ਦੇਣਾ ਚਾਹੀਦਾ ਹੈ। ਪਰ ਉਪਰੋਕਤ ਧੜੇਬੰਦਕ ਜਥੇਬੰਦਕ ਭਰਿਸ਼ਟਾਚਾਰ ਨੇ ਲੀਡਰਸ਼ਿਪ ਨੂੰ ਐਸੀ ਖ਼ੁਦਗਰਜ਼ ਅਤੇ ਮਹਿਸੂਸ ਕਰਨ ਦੀ ਸ਼ਕਤੀ ਤੋਂ ਕੋਰੀ ਬਣਾ ਦਿਤਾ ਹੈ ਕਿ ਕੋਈ ਪਰਵਾਹ ਨਹੀਂ ਕੀਤੀ ਜਾਂਦੀ। ਬਲਕਿ ਇਸ ਬਾਬਤ ਝੂਠ ਤੇ ਝੂਠ ਬੋਲਿਆ ਜਾਂਦਾ ਹੈ। ਜਦੋਂ ਸੀ. ਪੀ. ਆਈ. ਜਾਂ



ਸੀ. ਪੀ. ਐਮ. ਦੇ ਮੈਂਬਰਾਂ ਦੇ ਪਾਰਟੀ ਛੱਡਣ ਦੀ ਕੋਈ ਖ਼ਬਰ ਕਿਤੇ ਛਪਦੀ ਹੈ, ਤਾਂ ਲੀਡਰਸ਼ਿਪ ਪਤਾ ਕਰਦੀ ਹੈ। ਜੇ ਸੰਬੰਧਿਤ ਬੰਦੇ ਖ਼ਬਰ ਨੂੰ ਝੂਠੀ ਕਹਿ ਦੇਣ, ਤਾਂ ਪਾਰਟੀ ਦੇ ਅਖ਼ਬਾਰ ਵਿਚ ਮੋਟੇ ਅੱਖਰਾਂ ਵਿਚ ਉਹਨਾਂ ਕਾਮਰੇਡਾਂ ਦੀ ਪਰਸੰਸਾ ਕੀਤੀ ਜਾਂਦੀ ਹੈ ਕਿ ਉਹ ਤਾਂ ਸੋਨੇ ਵਰਗੇ ਸੁੱਚੇ ਹਨ। ਜੇ ਖ਼ਬਰ ਸੱਚੀ ਹੋਵੇ, ਤਾਂ ਉਹਨਾਂ ਹੀ ਬੰਦਿਆਂ ਬਾਬਤ ਲਿਖਿਆ ਜਾਂਦਾ ਹੈ ਕਿ ਉਹ ਤਾਂ ਜੰਮਣ ਤੋਂ ਪਹਿਲਾਂ ਤੋਂ ਹੀ ਦੁਰਾਚਾਰੀ, ਪਾਰਟੀ-ਵਿਰੋਧੀ, ਲਫੰਗੇ ਤੇ ਨਿਕੰਮੇ ਸਨ ਅਤੇ ਪਾਰਟੀ ਨੇ ਤਾਂ ਉਹਨਾਂ ਨੂੰ ਬਹੁਤ ਪਹਿਲਾਂ ਹੀ ਕੱਢ ਦਿਤਾ ਸੀ। ਐਸੀਆਂ ਕਈ ਮਿਸਾਲਾਂ ਪੰਜਾਬ ਵਿਚ ਹਾਲ ਦੇ ਮਹੀਨਿਆਂ ਵਿਚ ਦੇਖਣ ਵਿਚ ਆਈਆਂ ਹਨ। ਦੋਵਾਂ ਪਾਰਟੀਆਂ ਨੇ ਵਾਰ ਵਾਰ ਅਜੇਹਾ ਕੀਤਾ ਹੈ। ਇਸ ਦੀ ਸਭ ਤੋਂ ਅਨੋਖੀ ਮਿਸਾਲ ਐਸ. ਐਮ. ਬੈਨਰਜੀ ਹੈ। ਉਹ ਭਾਵੇਂ ਲੋਕਲ ਕਾਰਨਾਂ ਕਰਕੇ ਪਾਰਲੀਮੈਂਟ ਦੀ ਚੋਣ "ਸੀ. ਪੀ. ਆਈ. ਸਪੋਰਟਿਡ ਇੰਡੀਪੈਂਡੈਂਟ" ਦੇ ਤੌਰ ਉਤੇ ਲੜਦਾ ਸੀ ਤੇ ਜਿੱਤਦਾ ਸੀ, ਪਰ ਉਹ ਪਾਰਲੀਮੈਂਟਰੀ ਗਰੁੱਪ ਦਾ ਤੇ ਪਾਰਟੀ ਦਾ ਇਕ ਉਘਾ ਨੇਤਾ ਸੀ। ਪਾਰਟੀ ਦੀਆਂ ਚੋਟੀ ਦੀਆਂ ਸੰਸਥਾਵਾਂ ਵਿਚ ਉਹ ਜ਼ੋਰਦਾਰ ਭਾਗ ਲੈਂਦਾ ਸੀ। ਸੀ. ਪੀ. ਆਈ. ਦੀਆਂ ਟਰੇਡ ਯੂਨੀਅਨਾਂ ਦਾ ਉਹ ਥੰਮ੍ਹ ਸੀ। ਇਹਨਾਂ ਚੋਣਾਂ ਮਗਰੋਂ ਜਦੋਂ ਉਹਨੇ ਅਸਤੀਫ਼ਾ ਦਿਤਾ, ਤਾਂ ਉਪਰੋਕਤ ਵਿਧੀ ਅਨੁਸਾਰ ਖ਼ੁਦ ਸੀ. ਪੀ. ਆਈ. ਦੇ ਜਨਰਲ ਸੈਕਟਰੀ ਨੇ ਇਹ ਝੂਠਾ ਬਿਆਨ ਦੇਣ ਦੀ 'ਸੂਰਮਗਤੀ' ਦਿਖਾਈ ਕਿ ਬੈਨਰਜੀ ਤਾਂ ਕਦੀ ਪਾਰਟੀ ਦਾ ਮੈਂਬਰ ਹੈ ਹੀ ਨਹੀਂ ਸੀ!

ਜੇ ਕਮਿਊਨਿਸਟ ਪਾਰਟੀਆਂ ਠੀਕ ਰਾਹ ਉਤੇ ਹੋਣ, ਲੋਕ-ਹਿੱਤ ਉਹਨਾਂ ਦਾ ਆਸ਼ਾ ਹੋਵੇ, ਤਾਂ ਉਹ ਐਸੇ ਮੌਕੇ ਉਤੇ ਆਪਣੇ ਅੰਦਰ ਝਾਤੀ ਮਾਰਨ ਤੇ ਸੋਚਣ। ਆਪਣੇ ਅੰਦਰਲੇ ਵਿਗਾੜਾਂ ਨੂੰ ਠੀਕ ਕਰਨ। ਪਰ ਉਹ ਤਾਂ ਮੜ੍ਹੀਆਂ ਦੇ ਰਾਹ ਪਈਆਂ ਹੋਣ ਕਰਕੇ ਇਹਨਾਂ ਗੱਲਾਂ ਨੂੰ ਅਨੁਭਵ ਕਰਨ ਦੀ ਸ਼ਕਤੀ ਤੱਕ ਗੁਆ ਬੈਠੀਆਂ ਹਨ।

ਇਸ ਸਾਰੇ ਜਥੇਬੰਦਕ ਘਾਲੇ-ਮਾਲੇ ਕਾਰਨ ਕਮਿਊਨਿਸਟ ਪਾਰਟੀਆਂ ਵਿਚ ਐਸੀ ਆਪਾ-ਧਾਪੀ ਦਾ ਵਾਤਾਵਰਣ ਬਣ ਗਿਆ ਹੈ ਕਿ ਨੇਤਾ-ਲੋਕ ਸਵੈ-ਹਿੱਤ ਨੂੰ ਲੋਕ ਹਿੱਤ ਤੋਂ ਉਪਰ ਰੱਖ ਰਹੇ ਹਨ। ਨਤੀਜੇ ਦੇ ਤੌਰ ਉਤੇ ਭਰਿਸ਼ਟ ਰੁਚੀਆਂ ਉਪਰੋਂ ਹੇਠਾਂ ਤਕ ਘਰ ਕਰ ਗਈਆਂ ਹਨ। ਇਸ ਬਾਬਤ ਅਸੀਂ **ਅਗਲੇ ਲੇਖ ਵਿਚ ਵਿਚਾਰ ਕਰਾਂਗੇ।**

---

Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* G. S. PANNU
3368 E, 27th AVE.,
VANCOUVER-16 (B.C.)
CANADA

**Price : Rs. 1.50 Per Copy**
**Subscription :**
**Annual (India) : Rs. 15**
**U.K., U.S.A., Canada : £ 5 / $10**
**(By Air) £2.50 / $5 (By Sea)**
**(Pakistan) : Rs. 30**
**Life membership : Rs. 100**
**£50 / $100 (By Air) : £ 25 or $50 (By Sea)**

## "ਏਹੁ ਹਮਾਰਾ ਜੀਵਣਾ" -- ਭਾਨੋ ਦਾ ਭਰਮ

1. ਤੀਵੀਂ ਜਦੋਂ, ਮੰਦੇ ਭਾਗੀਂ; ਕਿਸੀ ਰਚਨਾ ਦਾ ਧੁਰਾ ਮਲ ਬਵੇ, ਮਰਦ ਦੀ ਹਵੱਸ ਨਾਲ ਵਾਹ ਪੈਣਾ ਈ ਹੋਇਆ। ਹੀਰ ਵਾਂਗ ਇਸ਼ਕ ਹਰੇਕ ਦੇ ਭਾਗਾਂ 'ਚ ਕਿਥੇ! ਪਰ, ਸਾਡੀ ਭਾਨੋ ਦੀ ਹੋਰ ਗੱਲ ਏ। ਲਗਦੈ, ਉਹਦੀ ਤਾਂ ਅਦਾ ਈ ਕੁਝ ਵੱਖਰੀ ਏ। ਨਰੈਣਾ ਅਮਲੀ ਭਲਾ ਉਹਦੀ ਸਾਰ ਕੀ ਜਾਣੈ! ਨਰੈਣਾ ਇਕ ਵਾਰੀ, ਭੋਲੇ ਭਾ, ਭਾਨੋ ਨੂੰ ਪੁੱਛ ਬੈਠਦਾ : "ਤਰਾ ਦਿਲ ਨੀਂ ਕਰਦਾ ਬਈ ਤੇਰਾ ਵੀ ਕੋਈ ਜੁਵਾਕ ਹੋਵੇ?" (ਪੰਨਾ 22, ਪਹਿਲੀ ਵਾਰ ਜਨਵਰੀ 1968) ਭਾਨੋ ਦੇ ਮਨ 'ਚ ਕਿਹੜੀ ਕੋਈ 'ਮੈਲ' ਸੀ, ਕੋਈ 'ਭੈ' ਸੀ। ਲਗਦੈ, ਸਰਸਵਤੀ ਉਹਦੀ ਜ਼ਬਾਨ 'ਤੇ ਆ ਬਿਰਾਜੀ। ਉਹਦੇ ਬੋਲਾਂ ਦੀ 'ਆਬ' ਨੂੰ ਕਿਹੜਾ ਮਰਦ ਝੱਲੇ : "ਤੇਰਾ ਜੀ ਕਰਦੈ ਤਾਂ ਰੱਬ ਕਰੇ ਜ਼ਰੂਰ ਹੋ ਜੇ। ਊਂ ਮੈਨੂੰ ਲਗਦੈ ਜਿਦਨ ਦਾ ਉਹ ਮਰਿਐ ਮੇਰਾ ਤਾਂ ਜਾਣੀ ਅੰਦਰ ਈ ਸੁੱਕ ਗਿਐ। ਹੁਣ ਉਥੇ ਕੀ ਫੁਟਣਾ ਐ।" (ਪੰਨਾ 22, ਉਹੀ)।

ਭਾਨੋ ਦੇ ਇਹ ਬੋਲ, ਉਹਦੀ ਆਪਣੇ ਪਹਿਲੇ ਪਤੀ ਸਰਵਣ ਪ੍ਰਤੀ ਵਫ਼ਾ ਦਾ ਈ ਵਾਸਤਾ ਪਾਉਂਦੇ ਨੇ। ਸਰਵਣ ਬਿਨਾਂ ਉਹਦਾ ਅੰਦਰ ਸੁੱਕ ਗਿਐ। ਸਰਵਣ ਬਿਨਾਂ ਉਹਦੇ ਅੰਦਰਲੇ ਨੂੰ ਕਿੰਨੇ ਸਿੰਝਣੈ? ਹੁਣ, ਭਾਨੋ ਨੂੰ ਫੁਲ ਨਹੀਂ ਪੈਣ; ਉਹਨੂੰ ਫਲ ਨਹੀਂ ਲਗਣਾ। ਜੇ ਭਾਨੋ ਨੂੰ ਫਲ ਨਹੀਂ ਲਗਣਾ, ਉਹ ਨਰੈਣੇ ਦੇ ਕਿਸ ਕੰਮ? ਔਲਾਦ ਬਿਨਾਂ ਵਾਰਿਸ ਕੌਣ ਬਣੂੰ? ਜਦੈਦ ਕੌਣ ਸਾਂਭੂ? ਇਹ ਝੋਰਾ ਜਦੈਦ 'ਆਲਿਆਂ ਦੀ ਵਿਰਾਸਤ ਜੁ ਹੋਈ। ਪਹਿਲੀ ਨਜ਼ਰੇ ਲਗਦੈ,ਭਾਨੋ ਇਸ ਝੋਰੇ ਨੂੰ ਹੁੰਗਾਰਾ ਨਹੀਂ ਭਰਦੀ।

2. ਸਿਆਣੇ ਦਸਦੇ ਨੇ, 'ਕੰਮ ਦੀ ਵੰਡ' ਦਾ ਮੁਢ ਈ ਇਥੋਂ ਬੱਝਾ, ਬਈ ਜੰਮਣਾ ਤੀਵੀਂ ਨੇ, ਮਰਦ ਇਸ ਖੁਣੋ ਸੁਰਖ਼ਰੂ। ਕੁਦਰਤ ਦੇ ਇਸ ਫ਼ਿਨਾਮਨਾਂ ਨਾਲ ਦੋ ਚਾਰ ਹੁੰਦੇ, ਤੀਵੀਂ ਤੇ ਮਰਦ, ਅਨੇਕਾਂ ਪੜਾਵਾਂ ਨੂੰ ਲੰਘਦੇ Monogamous[1] ਪੜਾਅ 'ਤੇ ਅਪੜੇ। ਦੇਖਣ ਨੂੰ ਇਹ ਪੜਾਅ ਸੱਭਯ ਦਿਸ ਆਂਵਦੇ। ਕੁਝ ਹਦ ਤੀਕ ਹੈ ਵੀ। ਪਰ ਇਹਦਾ ਮੂਲ ਵੀ ਜਾਇਦਾਦ ਦੀ ਨਿਜੀ ਮਾਲਕੀ ਨੂੰ ਫ਼ਰੋਗ ਦੇਣੈ। ਤੀਵੀਂ ਇਕੋ ਮਰਦ ਨਾਲ ਵਸੇ ਤਾਂ ਜੁ ਮਰਦ ਨੂੰ ਆਪਣਾ ਸੱਚਾ ਵਾਰਿਸ ਭਾਲਣ 'ਚ ਦਿੱਕਤ ਨਾ ਆਵੈ। ਵਿਆਹ ਦੀ ਇਸ ਪ੍ਰਥਾ ਦਾ ਮੂਲ ਪਿਆਰ ਕਦਾਚਿਤ ਨਹੀਂ। ਇਹ ਬੰਧਨ ਸਿਰਫ਼ ਤੀਵੀਂ ਲਈ ਜੇ ਮਰਦ ਆਪਣੇ ਵਿੱਤ ਅਨੁਸਾਰ ਖੁਲ੍ਹ ਮਾਣਦਾ, ਖੁਲ੍ਹ ਮਾਣਦੈ। ਵਿਆਹ ਦੀ ਇਹ ਪਹਿਲੀ ਪ੍ਰਥਾ ਸੀ ਜੀਹਦੀ ਆਰਥਕ ਨੀਂਹ 'ਤੇ ਉਸਾਰੀ ਹੋਈ। ਕੁਦਰਤੀ ਲੋੜ ਨੂੰ ਆਰਥਕ ਅਰਥ ਦਿਤੇ ਗਏ। ਸਾਂਝੀ ਮਾਲਕੀ ਨੇ ਨਿੱਜੀ ਮਾਲਕੀ ਨੂੰ ਰਾਹ ਦਿਤਾ। ਪਰਵਾਰ ਦੀ ਇਸ ਪ੍ਰਥਾ ਦੀ ਚੂਲ ਮਰਦ ਸੀ। ਤੀਵੀਂ ਬੱਚੇ ਪੈਦਾ ਕਰਨ ਦਾ ਵਸੀਲਾ ਸੀ, ਤਾਂ ਜੁ ਸੱਚੇ ਵਾਰਿਸ ਰਾਹੀਂ ਨਿੱਜੀ ਜਾਇਦਾਦ ਦੀ ਸੰਸਥਾ ਨੂੰ ਸਥਾਈ ਬਣਾਇਆ ਜਾ ਸਕੇ। ਇਸੀ ਪ੍ਰਥਾ ਰਾਹੀਂ ਤੀਵੀਂ ਤੇ ਮਰਦ ਵਿਚਕਾਰ ਵੈਰ ਦੇ ਬੀਜ ਬੀਜੇ ਗਏ। ਇਉਂ ਜਾਣੋ ਬਈ, ਪਹਿਲੀ ਵਾਰ ਤੀਵੀਂ ਨਾਲ ਮਰਦ ਨੇ ਧੱਕਾ ਕੀਤਾ। Monogamy ਨੂੰ ਵਿਕਾਸ-ਪੜਾਅ ਮੰਨਣ 'ਚ ਸਾਨੂੰ ਕੋਈ ਉਜ਼ਰ ਨਹੀਂ। ਗੁਲਾਮੀ ਦੇ ਸੰਗ ਨਿਜੀ ਦੌਲਤ ਬਟੋਰਨ ਦਾ ਰਾਹ ਵੀ ਤਾਂ ਇਨੇ ਹੀ ਖੋਲ੍ਹਿਆ। ਇਕ ਹੋਰ ਘਿਨੌਣਾ ਪਹਿਲੂ ਵੀ ਸਾਹਮਣੇ ਆਇਆ। ਇਕ ਧੜੇ ਦੀ ਭਲਾਈ ਦੂਜੇ ਧੜੇ ਦੀ ਦੁਰਗਤੀ ਤੇ ਦਮਨ ਬਿਨਾਂ ਜਿਵੇਂ ਮੁਮਕਿਨ ਈ ਨਹੀਂ।

3. ਭਾਨੋ ਸਰਵਣ ਦੀ ਤੀਵੀਂ ਹੋਵੇ, ਸਰਵਣ ਦੇ ਬੁਰਛਿਆਂ ਵਰਗੇ ਕੰਵਾਰੇ ਚਾਰੇ ਭਰਾ ਭਾਨੋ



ਨੂੰ 'ਵੇਲਾ ਕੁਵੇਲਾ ਤਕਾਉਂਦੇ ਰਿਹਾ ਕਰਨ', ਭਾਨੋ ਨੇ ਸਰਵਣ ਨੂੰ ਚਾ ਦਸਿਆ। ਸਰਵਣ ਕਿਦਾਂ ਜਰੇ? 'ਸਤਿਆਮਾਨ' ਉਦੋਂ ਈ ਭਾਨੋ ਨੂੰ ਲੈ ਕੇ ਅੱਡ ਹੋ ਗਿਆ। ਵਰ੍ਹਾ ਪੂਰਾ ਉਹ ਆਪਦੇ ਘਰ ਰੰਗੀਂ ਵਸਦੇ ਰਹੇ। ਉਹ ਬਥੇਰੀਆਂ ਦੰਦੀਆਂ ਕਚੀਚਣ, ਪਰ ਭਾਨੋ ਦੀ ਜਾਣੇ ਜੁੱਤੀ, (ਪੰਨਾ 19, ਉਹੀ)। ਭਾਨੋ ਸੰਤੀ ਨੂੰ ਰਹਿੰਦੀ ਵਿਥਿਆ ਸੁਣਾਉਂਦੀ ਕਹਿੰਦੀ ਏ : "ਫੇਰ ਇਕ ਦਿਨ ਪਾਣੀ ਦੀ ਵਾਰੀ ਪਿੱਛੇ ਬਾਹਰ ਖਹਿਬੜ ਪਏ। ਨਰਕੀਂ ਜਾਣਿਆ ਦੇ ਖ਼ਬਰ ਨੀ ਕੀ ਚਿੱਤ ਵਿਚ ਬੁਰਿਆਈ ਸੀ, ਕਿਤੇ ਕਸੂਤੇ ਥਾਉਂ ਸੱਟ ਮਾਰਤੀ। ਰੱਬ ਜਾਣੇ ਖ਼ਬਰ ਨੀ ਉਈ ਲੱਗ ਗੀ। ਫੇਰ ਤਾਂ ਵਾਹ ਜਹਾਨ ਦੀ ਲਾ ਹਟੇ, ਉਹ ਆਪ ਵੀ ਬਥੇਰੇ ਹਕੀਮਾਂ ਸਿਆਣਿਆਂ ਦੇ ਭੱਜੇ ਫਿਰੇ, ਕਿਤੇ ਹੱਥ ਨਾ ਪਿਆ। ਅਖ਼ੀਰ ਨੂੰ ਦਸਮੇਂ ਦਿਨ ਆਥਣੇ ਜੇ ਗੋਤਾ ਪੈ ਗਿਆ। ਬਸ ਉਸੇ ਰਾਤ ਤੁਰਦਾ ਬਣਿਆ।" (ਪੰਨਾ 15, ਉਹੀ)।

ਭਾਨੋ ਪਾਸ, ਅਜੇ ਵੀ ਪਤੇ ਦੀਆਂ ਕੁਝ ਹੋਰ ਗੱਲਾਂ ਦਸਣੀਆਂ ਬਾਕੀ ਨੇ। ਭਾਨੋਂ ਆਪਣੀ ਦਾਸਤਾਨ ਜਾਰੀ ਰਖਦੀ ਏ : "ਹਮ੍ਹਾਂ ਤੁਮ੍ਹਾਂ ਨੇ ਬਥੇਰਾ ਕਿਹਾ, ਬੇਬੇ, ਬਈ ਉਸੇ ਦੇ ਭਰਾ ਨੇ, ਕਿਸੇ ਇਕ ਨੂੰ ਸਿਰ ਧਰ ਲੈ। ਮੈਂ ਸੋਚਿਆ, ਮਨਾ ਏਥੇ ਰਹਿ ਕੇ ਤਾਂ ਅੱਖਾਂ ਮੂਹਰੇ ਨਿੱਤ ਸਿਬਾ ਮੱਚਿਆ ਕਰੂ। ਤੈਨੂੰ ਕੀ ਦਸਾਂ ਬੇਬੇ, ਸਰਵਣ ਤਾਂ ਭੁਲਣ ਵਾਲਾ ਬੰਦਾ ਈ ਨੀ ਸੀ। ਉਸ ਨੂੰ ਤਾਂ ਜਾਣੀ ਪੰਖੇਰੂ ਵੀ ਰੋਂਦੇ ਨੇ। ਕਈ ਵਾਰੀ ਜੀ ਵਿਚ ਆਵੇ, ਮਾੜੇ ਕਰਮਾਂ ਵਾਲੀਏ ਖ਼ਬਰ ਨੀ ਤੇਰੇ ਖ਼ਾਤਰ ਈ ਜਾਨ ਚਲੀ ਗਈ। ਨਾ ਤੂੰ ਹੁੰਦੀ ਨਾ ਭਾਈਆਂ ਭਾਈਆਂ ਦੇ ਬਟਿਟ ਪੈਂਦੇ। ਨਾ ਉਸ ਦੀ ਜਾਨ ਤੇ ਬਣਦੀਆਂ।" (ਪੰਨਾ 15, ਉਹੀ)

ਭਾਨੋ ਸਰਵਣ ਨੂੰ 'ਸਤਿਆਮਾਨ' ਦਸਦੀ ਏ, ਕਿਉਂਜੁ ਸਰਵਣ ਉਹਨੂੰ ਆਪਣੇ ਭਰਾਵਾਂ ਨਾਲ ਖੁਲ੍ਹੇ ਜਿਨਸੀ ਸਬੰਧ (Promiscuity) ਪੈਦਾ ਹੋਣ ਦੀਆਂ ਸੰਭਾਵਨਾਵਾਂ ਨੂੰ ਹੀ ਨਹੀਂ ਮੌਲਣ ਦੇਂਦਾ। ਅਜਿਹਾ ਵਾਪਰ ਜਾਣ ਦੀ ਸੂਰਤ 'ਚ ਵਾਰਿਸ 'ਚ ਖੋਟ ਆ ਜਾਣੀ ਲਾਜ਼ਮੀ ਹੁੰਦੀ। ਸਰਵਣ ਮਰਿਆ ਵੀ ਭਰਾਵਾਂ ਦੇ ਹੱਥੋਂ। ਆਪਸ 'ਚ ਖਹਿਬੜੇ ਵੀ ਪਾਣੀ ਦੀ ਵਾਰੀ ਪਿੱਛੇ। 'ਉਹ ਆਪ ਵੀ ਬਥੇਰੇ ਹਕੀਮਾਂ ਸਿਆਣਿਆਂ ਦੇ ਭੱਜੇ ਫਿਰੇ।" ਪਰ ਕਾਹਦੇ ਲਈ? ਪਿੰਡ 'ਚ ਭਰਾ ਬਾਹਵਾਂ ਹੁੰਦੀਆਂ ਨੇ। ਰਾਂਝੇ ਨੂੰ ਵੀ ਤਾਂ ਉਹਦੇ ਭਰਾ ਇਸੀ ਗ਼ਰਜ਼ ਦੇ ਮਾਰੇ ਸੁਨੇਹੇ ਘਲਦੇ ਰਹੇ; ਪਾਤੀਆਂ ਲਿਖਦੇ ਰਹੇ। ਭਰਾਵਾਂ 'ਚ ਝਗੜਾ ਜ਼ੋਰੂ ਤੇ ਜ਼ਮੀਨ ਖ਼ਾਤਰ ਈ ਤਾਂ ਹੋਇਆ ਨਾ। ਸਰਵਣ ਨੇ ਭਾਨੋ ਨੂੰ ਅਸਲ ਵਿਚ Monogamy ਦੀ ਪ੍ਰਥਾ ਨਾਲ ਈ ਬੀੜ ਕੇ ਰਖਣਾ ਚਾਹਿਆ। ਨਿਜੀ ਪਧਰ 'ਤੇ ਸਰਵਣ ਭਾਨੋ ਨੂੰ ਜ਼ਰੂਰ ਚੁੰਮਦਾ-ਚੱਟਦਾ ਹੋਵੇਗਾ। ਪਰ, ਇਹ ਵੀ ਕਿੱਦਾਂ ਭੁੱਲ ਜਾਈਏ ਕਿ ਸਰਵਣ ਪਤੀ ਹੋਣ ਦੇ ਨਾਤੇ Monogamy ਦਾ ਰਾਖਾ ਵੀ ਏ। ਵਿਆਹ/ਪਰਵਾਰ ਦੀ ਅਜਿਹੀ ਪ੍ਰਥਾ ਦਾ ਨਿਜੀ ਜਾਇਦਾਦ ਦੀ ਸੰਸਥਾ ਨੂੰ ਅਮਰ ਕਰਨਾ ਹੀ ਈਮਾਨ ਹੈ। ਭਾਨੋ ਇਸ ਪ੍ਰਥਾ ਦੀ ਅਜਿਹੀ ਪਰਤ ਤੋਂ ਅਣਜਾਣ ਏ। ਭਾਨੋ 'ਨਿਜੀ ਰਿਸ਼ਤੇ' ਨੂੰ ਹੀ ਭਾਵਕ ਪਧਰ 'ਤੇ ਹੰਢਾਇਆ, ਉਸੇ ਨੂੰ ਹੀ ਹੁਣ ਚਿਤਵਦੀ ਏ। ਇਹ 'ਨਿਜੀ ਰਿਸ਼ਤਾ' 'ਨਿਜੀ ਜਦੈਦ' ਦੇ ਕੋੜ੍ਹ ਨੂੰ ਢੱਕੀ ਬੈਠੈ, ਇਹਦੀ ਭਾਨੋ ਨੂੰ ਸਾਰ ਨਹੀਂ। ਨਿਜੀ ਤੌਰ 'ਤੇ ਦਯਾਲੂ ਹੋਣ ਨਾਲ 'ਹਾਕਮ ਮੇਲ' ਦੀ ਗੱਲ ਸਗੋਂ ਬਣਦੀ ਏ। ਜਿੰਨ੍ਹਾ ਦੀ ਗੱਲ ਵਿਗੜਦੀ ਏ ਉਹਨਾਂ ਨੂੰ ਹੀ ਸਾਰ ਨਹੀਂ। ਨਰੈਣੇ ਨਾਲ ਗੱਲਬਾਤ ਦੇ ਦੌਰਾਨ ਭਾਨੋ ਉਹਨੂੰ ਦਸਦੀ ਏ : "ਜਦੋਂ...ਜਦੋਂ ਉਹ [ਸਰਵਣ] ਮਰਿਆ ਤਾਂ ਮੇਰਾ ਬੜਾ ਚਿੱਤ ਕੀਤਾ ਸੀ ਬਈ ਨਿੱਕੀ ਮੋਟੀ ਉਸ ਦੀ ਕੋਈ ਨਿਸ਼ਾਨੀ ਓਈ ਹੁੰਦੀ। ਜੀਹਦੇ ਸਹਾਰੇ ਮੈਂ ਆਪਣੇ ਦਿਨ ਕੱਟ ਲੈਂਦੀ। ਉਦੂੰ ਪਿਛੋਂ...ਉਦੂੰ ਪਿਛੋਂ..." (ਪੰਨਾ 22, ਉਹੀ)।

## ਸਾਡੇ ਦੇਸ ਵਿਚ ਦੇਸੀ ਰਹਿਤਲ ਦੀਆਂ ਪਰਤਾਂ

ਸੁਜਾਉਲ ਹੱਕ, ਲਹੌਰੀ

## ਸਾਡੀ ਤਾਲੀਮ — 2

ਗ਼ਰੀਬੀ ਦੀ ਰਹਿਤਲ ਦਾ ਤੀਜਾ ਅੰਗ ਲੋਕਾਈ ਦਾ ਅਨਬੀੜੇ (ਗ਼ੈਰ ਮਨਜ਼ਮ,ਬੀੜ=ਤਨਜ਼ੀਮੀ) ਹੋਣਾ ਹੈ। ਬੀੜ ਪੂਰੀ ਮੇਲੀ ਸੁਰਤ (ਸ਼ਊਰ, ਸਮਝ) ਤੇ ਆਪਣੇ ਮੇਲ ਦੀ ਪੂਰੀ ਗ਼ਰਜ਼ ਦੀ ਸੰਞਾਣ ਦਾ ਸਿੱਟਾ ਹੈ। ਹਾਕਮ ਮੇਲ ਕੋਲ ਪੂਰੀ ਮੇਲੀ ਸੁਰਤ ਹੋਂਦੀ ਹੈ ਤੇ ਉਹਨੂੰ ਆਪਣੇ ਮੇਲ ਦੀਆਂ ਗ਼ਰਜ਼ਾਂ ਦੀ ਚੰਗੀ ਸੰਞਾਣ ਹੋਂਦੀ ਹੈ। ਇਹੋ ਵਜ੍ਹਾ ਹੈ ਜੇ ਉਹ ਆਪੋ ਵਿਚ ਪੂਰੀ ਤਰ੍ਹਾਂ ਬੀੜੇ ਹੋਂਦੇ ਹਨ ਤੇ ਆਪਣੇ ਮਫ਼ਾਦਾਂ ਦੀ ਸੰਭਾਲ ਤੇ ਆਪਣੇ ਮੇਲ ਦੀ ਹੋਂਦ ਦੀ ਰੱਖ (ਹਿਫ਼ਾਜ਼ਤ) ਵਾਸਤੇ ਹਰ ਪਲ ਜਾਗਦੇ ਰਹਿੰਦੇ ਹਨ। ''ਉਹ (ਹਾਕਮ) ਸੁਤੇ ਵੀ ਜਾਗਦੇ ਨੇ ਤੇ ਅਸੀਂ (ਲੋਕਾਈ) ਜਾਗਦੇ ਵੀ ਸੁਤੇ ਹਾਂ—'' (ਤਖ਼ਤ ਲਹੌਰ) ਹਾਕਮ ਸੁਤੇ ਵੀ ਜਾਗਦੇ ਕਿਉਂ ਨੇ ਤੇ ਅਸੀਂ ਜਾਗਦੇ ਵੀ ਸੁੱਤੇ ਕਿਉਂ ਹਾਂ ? ਏਸ ਵਾਸਤੇ ਜੇ ਹਾਕਮ ਆਪਣੇ ਪੂਰੇ ਮੇਲ ਦੀ ਸੋਚ ਸੋਚਦਾ ਏ, ਪਰ ਅਸੀਂ ਆਪਣੇ ਕੱਲੇ ਵਜੂਦ ਦਾ ਪੱਖ ਪੂਰਣ ਦਾ ਮੱਤਾ ਪਕਾਈ ਬੈਠੇ ਹਾਂ, ਹਾਕਮ ਸਾਡੇ ਅੰਦਰ ਮਕਾਨ ਕੀਤੀ ਬੈਠਾ ਏ ਜਿਹੜਾ ਸਾਨੂੰ ਜਾਗਦਿਆਂ ਵੀ ਸੁਤਾ ਰਖਦਾ ਹੈ ਤੇ ਸਾਨੂੰ ਆਪਣੇ ਮੇਲ ਦੀ ਸੋਚ ਨਹੀਂ ਸੋਚਣ ਦੇਂਦਾ। ਅਸਾਂ ਹਾਕਮ ਦੇ ਮੇਲ ਵਿਚ ਰਲਣ ਲੋੜੀਂਦੇ ਹਾਂ, ਕਈ ਵਾਰੀ ਆਖਦੇ ਵੀ ਹਾਂ ਜੇ ਅਸਾਂ ਆਪਣੇ ਆਪ ਨੂੰ ਹਾਕਮ ਮੇਲ ਕੰਨੋ ਤੋੜ ਘਿਦਾ ਹੈ, ਪਰ ਕਿਸੇ ਨਾ ਕਿਸੇ ਪਾਸਿਉਂ, ਕੋਈ ਨਾ ਕੋਈ ਮੋਰੀ ਅਜਿਹੀ ਰਹਿ ਵੈਂਦੀ ਏ ਜਿਥੋਂ ਅਸਾਂ ਹਾਕਮ ਮੇਲ ਵਲ ਚਾਹਵਾਨ ਨਜ਼ਰਾਂ ਨਾਲ ਤਕਦੇ ਰਹਿੰਦੇ ਹਾਂ। ਅਕਸਰ ਸਾਡਾ ਦੀਨ ਈਮਾਨ ਤੇ ਰਾਂਝਣ ਬਣ ਵੈਂਦਾ ਹੈ, ਪਰ ਕੰਮ ਕਾਰ ਦੇ ਜ਼ਾਮਨ ਖੇੜੇ ਈ ਰਹਿੰਦੇ ਹਨ (ਤਖ਼ਤ ਲਹੌਰ) ਏਸੇ ਵਾਸਤੇ ਰਾਂਝਣ ਸਾਨੂੰ ਚੇਤੇ ਕਰਵਾਂਦਾ ਏ ਜੇ :

'ਚੇਤਾ ਮਾਮਲੇ ਪੈਣ ਤੇ ਭਜ ਜਾਈਂ,
ਇਸ਼ਕ ਜਾਲਣਾ ਖਰਾ ਦੁਹੇਲੜਾ ਈ' —(ਹੀਰ ਵਾਰਿਸ ਸ਼ਾਹ)

ਇਸ਼ਕ ਜਾਲਣਾ ਖਰਾ ਦੁਹੇਲੜਾ ਸਹੀ ਪਰ ਅਨਹੋਣਾ ਨਹੀਂ। ਮਾਲਕੀ ਤੇ ਨਾਂ ਨਾਵੇਂ ਦੀ ਛਿਕ ਇਸ਼ਕ ਦੀ ਵੈਰੀ ਏ ਤੇ ਏਸ ਮਾਰੂ ਛਿਕ ਨੇ ਲੋਕਾਈ ਵਿਚ ਪਾੜ ਪਾਏ ਹੋਏ ਨੇ ਤੇ ਉਹਨਾਂ ਨੂੰ ਹਾਕਮ ਬਣਨ ਦੀ ਸਿਕ ਵਿਚ ਕਲਿਆਂ ਕਲਿਆਂ ਕਲਬੂਤਾਂ ਵਿਚ ਵੰਡਿਆ ਹੋਇਆ ਹੈ। ਮੇਹਨਤੀ ਮੇਲ ਦਾ, ਲੋਕਾਈ ਦਾ ਮੇਲੀ ਮੁਫ਼ਾਦ, ਉਹਦੀ ਆਜ਼ਾਦੀ ਏਸ ਵਿਚ ਹੈ ਜੇ ਉਹ ਮਾਲਕੀ ਤੇ ਨਾਂ ਨਾਵੇਂ ਦੀ ਛਿਕ ਵਿਚੋਂ ਆਪਣੇ ਆਪ ਨੂੰ ਕਢਣ ਦਾ ਉਪਰਾਲਾ ਕਰੇ। ਇਨਕਲਾਬੀ ਇਲਮ ਤੇ ਅਮਲ ਬਾਝੋਂ ਇਹ ਜਤਨ ਏਵੇਂ ਸੁਫ਼ਨਾ ਰਹਿਸੀ। ਇਹੋ ਇਲਮ ਤੇ ਅਮਲ ਲੋਕਾਈ ਨੂੰ ਆਪੋ ਵਿਚ ਬੀੜ ਸਕਦਾ ਏ। ਲੋਕਾਈ ਦੀ ਬੀੜ ਦੀ ਵਡੀ ਦਲੀਲ ਇਹ ਹੈ ਜੇ ਹਾਕਮ ਬੀੜੇ ਹੋਏ ਨੇ। ਉਹ ਆਪੀਂ ਤਾਂ ਬੀੜੇ ਹੋਏ ਹਨ ਪਰ ਇਹ ਹੱਕ ਲੋਕਾਈ ਨੂੰ ਦੇਣ ਲਈ ਉੱਕਾ ਤਿਆਰ ਨਹੀਂ। ਉਹ ਕਹਿੰਦੇ ਨੇ ਵਸੇਬ ਵਿਚ ਮੇਲਾਂ ਦੀ ਹੋਂਦ ਕੋਈ ਨਹੀਂ, ਪਰ ਉਨ੍ਹਾਂ ਨੂੰ ਆਪਣੇ ਮੇਲ ਦੀ ਡਾਹਡੀ ਸੁਰਤ ਹੈ ਤੇ ਲੋਕਾਈ ਦੀ ਆਪਣੇ



ਮੇਲ ਦੀ ਸੁਰਤ ਉਹ ਜੰਮਣ ਨਹੀਂ ਦੇਣਾ ਚਾਹੁੰਦੇ, ਉਹ ਲੋਕਾਈ ਨਾਲ ਖ਼ਾਰ ਤੇ ਵੈਰ ਰਖਦੇ ਨੇ ਪਰ ਉਹਨਾਂ ਨੂੰ ਆਪਣੇ ਵਲ ਮੋਹਣ ਲਈ, ਮਤਲਬ ਆਪਣਾ ਨੌਕਰ ਬਣਾਈ ਰਖਣ ਲਈ ਉਹ ਇਹਨਾਂ ਨੂੰ ਖਿੰਡੇ ਰਖਣਾ ਚਾਹੁੰਦੇ ਹਨ। ਹਾਕਮ ਮੇਲ ਬੰਦਿਆਂ ਵਿਚ ਮਾਲਕੀ ਤੇ ਨਾਂ ਨਾਵੇਂ ਦੀ ਛਿਕ ਤੇ ਆਪਣੇ ਵਲ ਅੱਡੀਆਂ ਚੁੱਕ ਚੁੱਕ ਕੇ ਵੇਖਣ ਦੀ ਸਧਰ ਜਮਾਵਣ ਤੇ ਵਧਾਵਣ ਤੋਂ ਵਖ ਲੋਕਾਈ ਨੂੰ ਅਨਬੀੜਿਆ ਰਖਣ ਵਾਸਤੇ ਹੋਰ ਵੀ ਕਈ ਕਰਤਬ ਕਰੇਂਦਾ ਹੈ। ਪੋਂਦ ਤੇ ਇਹ ਕਿ ਉਹ ਲੋਕਾਈ ਕੋਲ ਇਲਮ ਨਹੀਂ ਜਾਣ ਦੇਂਵਦਾ। (ਇਹਦਾ ਲੰਮਾ ਵੇਰਵਾ ਅਸੀਂ ਅਗੇ ਕਰਸਾਂ)। ਇਲਮ ਡਕਣ ਥੀਂ ਵੱਖ ਹਾਕਮ ਵੰਨ ਸੁਵੰਨੇ ਵਲਾਂ ਨਾਲ ਲੋਕਾਈ ਦੇ ਵਖੋ ਵਖ ਗਰੋਹਾਂ ਨੂੰ ਆਪੋ ਵਿਚ ਭੇੜੀ ਰਖਦਾ ਹੈ ਤੇ ਉਹਨਾਂ ਨੂੰ ਆਪੋ ਵਿਚ ਕੱਠਾ ਨਹੀਂ ਹੋਵਣ ਦੇਂਵਦਾ। ਮੇਹਨਤੀਆਂ ਨੂੰ ਪੜ੍ਹਿਆਰਾਂ ਕੋਲੋਂ, ਪੜ੍ਹਿਆਰਾਂ ਨੂੰ ਮੇਹਨਤੀਆਂ ਤੇ ਸਰਕਾਰੀ ਕਾਮਿਆਂ ਕੋਲੋਂ ਤੇ ਮਰਦਾਂ ਨੂੰ ਜ਼ਨਾਨੀਆਂ ਕੰਨੋਂ ਵਿਛੋੜੀ ਰਖਦਾ ਹੈ। ''ਪੜ੍ਹਿਆਰਾਂ ਨੂੰ (ਤੇ ਇੰਜ ਈ ਮੇਹਨਤੀਆਂ ਤੇ ਸਰਕਾਰੀ ਮੁਲਾਜ਼ਮਾਂ ਨੂੰ) ਸਿਆਸਤ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ।'' ਇਹ ਖ਼ਿਆਲ ਇਹਨਾਂ ਵਖੋ ਵਖ ਗਰੋਹਾਂ ਨੂੰ ਇਕ ਦੂਜੇ ਕੰਨੋ ਵਿਛੋੜੀ ਰਖਦਾ ਹੈ, ਕਿਉਂ ਜੁ ਸਿਆਸਤ ਵਿਚ ਇਹਨਾਂ ਗਰੋਹਾਂ ਦਾ ਆਪੋ ਵਿਚ ਜੁੜ ਵੰਞਣ ਦਾ ਅਤੇ ਆਪਣੀ ਮੇਲੀ ਗ਼ਰਜ਼ ਨੂੰ ਪਛਾਣ ਲੈਣ ਦਾ ਅਮਕਾਨ ਹੁੰਦਾ ਹੈ। ਇਹਨਾਂ ਵਖੋ ਵਖ ਗਰੋਹਾਂ ਦੇ ਖ਼ਿਲਾਫ਼ ਇਕ ਦੂਜੇ ਵਿਚ ਨਫ਼ਰਤਾਂ ਫ਼ੈਲਾਈਆਂ ਜਾਂਦੀਆਂ ਨੇ, ਇੰਜ ਈ ਇਕ ਅਲਾਕੇ ਦੇ ਲੋਕਾਂ ਨੂੰ ਦੂਜੇ ਅਲਾਕੇ ਦੇ ਲੋਕਾਂ ਨੂੰ ਹੀਣਾ ਸਮਝਣ ਦੀ ਸੋਚ ਦਿੱਤੀ ਵੈਂਦੀ ਹੈ। ਜਿਨ੍ਹਾਂ ਦਿਨਾਂ ਵਿਚ ਬੰਗਾਲ ਸਾਡੇ ਨਾਲ ਹਾ, ਉਹਨਾਂ ਦਿਨਾਂ ਵਿਚ ਬੰਗਾਲੀਆਂ ਨੂੰ ਬਹੂੰ ਹੀਣਾ ਤੇ ਬੁਜ਼ਦਿਲ ਸਮਝਿਆ ਵੈਂਦਾ ਹਾ ਹਾਲਾਂ ਪਾਕਿਸਤਾਨ ਬਣਾਉਣ ਵਾਸਤੇ ਜਿਹੜੇ ਸਭ ਥੀਂ ਅਗੇ ਹਨ ਤੇ ਜਿਨ੍ਹਾਂ ਸਭ ਥੀਂ ਵਧ ਘੋਲ ਕੀਤਾ ਹਾ ਉਹ ਬੰਗਾਲੀ ਸਨ। ਪਰ ਏਥੇ ਉਹਨਾਂ ਨੂੰ ਇਕ ਖ਼ਾਸ ਤਰ੍ਹਾਂ ਦੀ ਹਕਾਰਤ ਨਾਲ ਤਕਿਆ ਵੈਂਦਾ ਹਾ ਤੇ ਜਦੋਂ ਉਹਨਾਂ ਉਤੇ ਫ਼ੌਜ ਚੜ੍ਹਾਈ ਗਈ ਤੇ ਏਥੇ ਲੋਕਾਈ ਨੇ ਫ਼ੌਜ ਨੂੰ ਵਾਹ ਵਾਹ ਕੀਤੀ, ਬੰਗਾਲੀਆਂ ਨੂੰ 'ਪੁਰਾਣੇ ਗ਼ਦਾਰਾਂ' ਦੇ ਨਾਂ ਨਾਲ ਯਾਦ ਕੀਤਾ ਗਿਆ ਪਰ ਕਿਸੇ ਨੇ ਖ਼ਬਰ ਨਾ ਲਈ ਕਿ ਏਸ ਮੁਲਕ ਦੇ ਸਰਮਾਏਵਾਲਾਂ ਨੇ ਬੰਗਾਲ ਨੂੰ ਆਪਣੀ ਕਲੋਨੀ ਕਿਉਂ ਬਣਾਇਆ ਤੇ ਬੰਗਾਲੀ ਲੋਕਾਈ ਦਾ ਏਨੀ ਬੇਰਹਿਮੀ ਨਾਲ ਲਹੂ ਕਿਉਂ ਪੀਤਾ। ਅਜ ਵੀ ਸਾਡੀ ਲੋਕਾਈ ਦੇ ਮਨਾਂ ਵਿਚ ਆਪਣੇਂ ਦੇਸ ਦੀਆਂ ਦੂਜੀਆਂ ਕੌਮਾਂ ਦੀ ਲੋਕਾਈ ਬਾਰੇ ਕਈ ਗ਼ਲਤ ਖ਼ਿਆਲ ਭਰੇ ਪਏ ਹਨ ਜਿਹੜੇ ਕਿ ਅਸੂਲੋਂ ਹਾਕਮ ਮੇਲ ਦਾ ਪੱਖ ਪੂਰਦੇ ਹਨ। ਇਹਨਾਂ ਗ਼ਲਤ ਖ਼ਿਆਲਾਂ ਪਾਰੋਂ ਦੂਜਿਆਂ ਲੋਕਾਂ ਦੇ ਮਨਾਂ ਵਿਚ ਸਾਡੇ ਬਾਰੇ ਸ਼ਕ ਥੀਉਣਾ ਇਕ ਕੁਦਰਤੀ ਗਲ ਏ ਜਿਹਦੇ ਵਾਸਤੇ ਉਹਨਾਂ ਨੂੰ ਜ਼ਿਮਾਵਾਰ ਠਹਿਰਾਣਾ ਬੜੀ ਮੁਸ਼ਕਲ ਗੱਲ ਹੈ। ਬੇਹਤਰ ਹੈ ਅਸੀਂ ਆਪਣੇ ਅੰਦਰ ਝਾਤੀ ਪਾਈਏ। ਅਸਾਂ ਆਪਣੀ ਜ਼ਬਾਨ, ਆਪਣੇ ਵਿਰਸੇ ਕੰਨੋਂ ਉੱਕਾ ਓਬੜ ਥੀ ਗਏ ਹਾਂ ਤੇ ਦੂਜਿਆਂ ਕੰਨੋ ਵੀ ਇਹੋ ਮੰਗ ਕਰੇਂਦੇ ਹਾਂ ਕਿ ਤੁਸੀਂ ਵੀ ਸਾਡੀ ਲੀਹੇ ਟੁਰੋ ਤੇ ਬਗਾਨੀ ਜ਼ਬਾਨ ਤੇ ਬਗਾਨੀ ਰਹਿਤਲ ਨੂੰ ਗਲ ਪਾ ਲਵੋ ਤੇ ਸਾਡੇ ਵਾਂਗਰ ਬਰੂਪੀਏ ਬਣ ਵੰਞੋ। ਜਦੋਂ ਉਹ ਸਾਡੇ ਲੀਹੇ ਨਹੀਂ ਟੁਰੇ ਤੇ ਅਸੀਂ ਉਹਨਾਂ ਨੂੰ 'ਗ਼ਦਾਰ', 'ਏਜੰਟ' ਤੇ ਪਤਾ ਨਹੀਂ ਕੀ ਕੀ ਬਕਨੇ ਹਾਂ ਪਰ ਉਕਾ ਖ਼ਿਆਲ ਨਹੀਂ ਕਰੇਂਦੇ ਜੇ ਇਹ ਤੇ ਸਾਡੇ ਅੰਦਰ ਹਾਕਮ ਬੋਲ ਰਿਹਾ ਹੈ। ਅਸਾਂ ਆਪਣੇ ਆਪ ਨੂੰ ਦੇਸ ਦਾ ਠੇਕੇਦਾਰ ਜਾਣਦੇ ਹਾਂ ਤੇ ਦੂਜੀਆਂ ਕੌਮਾਂ ਦੀ ਲੋਕਾਈ ਨੂੰ ਆਪਣੇ ਕੰਨੋ ਜਮਾਂਦਰੂ ਹੀਣਾ ਜਾਣਦੇ ਹਾਂ। ਬੰਗਾਲੀਆਂ ਬਾਰੇ ਸਾਡੇ ਜੋ ਖ਼ਿਆਲ ਹਨ, ਬਲੋਚੀਆਂ, ਸਿੰਧੀਆਂ ਦੇ ਪਠਾਨਾਂ ਬਾਰੇ ਵੀ ਓਹਾ ਜਿਹੇ ਖ਼ਿਆਲ ਹਨ ਜਿਹੜੇ ਸਾਡੇ ਦੁਖਾਂ ਦੇ ਦਿਨ ਵਧਾ ਦੇਵਣਗੇ। ਪਹਿਲੇ ਬੰਗਾਲੀਆਂ ਨੂੰ ਗ਼ਦਾਰ ਆਖਿਆ

ਗਿਆ, ਹੁਣ ਦੂਜਿਆਂ ਦੀ ਵਾਰੀ ਹੈ। ਸੱਚੀ ਗੱਲ ਹੈ ਜਦੋਂ ਲੋਕਾਈ ਹਾਕਮਾਂ ਦਾ ਜ਼ੁਲਮ ਝੱਲ ਨਹੀਂ ਸਕਦੀ ਤੇ ਨਾਬਰ ਥੀ ਵੈਂਦੀ ਹੈ ਤਦੋਂ ਹਾਕਮ ਉਹਨਾਂ ਨੂੰ ਗਦਾਰ ਈ ਆਖਦਾ ਹੈ, ਕਿਉਂਜੁ ਜਾਗਣਹਾਰ ਹਾਕਮਾਂ ਦੀ ਗ਼ਰਜ਼ ਦਾ ਝੁੱਗਾ ਭੁੰਨ ਰਿਹਾ ਹੋਂਦਾ ਹੈ। ਪਰ ਸਵਾਲ ਇਹ ਹੈ ਜੇ ਅਸੀਂ ਹਾਕਮ ਦੀ ਜ਼ਬਾਨ ਕਿਉਂ ਆਪਣੇ ਮੂੰਹ ਵਿਚ ਰਖ ਘਿੰਨਦੇ ਹਾਂ ? ਅਸਲ ਵਿਚ ਵਸਤਪਾਲ ਵਸੇਬ ਵਿਚ ਹਰ ਬੰਦੇ ਨੂੰ ਇਹ ਸਿਖਾਇਆ ਵੈਂਦਾ ਹੈ ਕਿ ਉਹ ਆਪਣੇ ਆਪ ਨੂੰ ਈ ਸਭ ਤੋਂ ਸਿਆਣਾ ਤੇ ਸੁਚੱਜਾ ਸਮਝੇ ਤੇ ਹਰ ਦੂਜੇ ਨੂੰ ਆਪਣੇ ਥੀਂ ਹੀਣਾ (ਘਟੀਆ) ਤੇ ਕੁਸਮਝ ਜਾਣੇ। ਜਿਹਦੇ ਕੋਲ ਵਸਤਾ ਖ਼ਰੀਦਣ ਦੀ ਬਹੁਤੀ ਤਾਕਤ ਹੋਂਦੀ ਹੈ,ਜਿਹੜਾ ਪੈਸੇ ਵਲੋਂ, ਮੁਆਸ਼ੀ (ਆਰਥਕ) ਤੌਰ 'ਤੇ ਚੰਗਾ ਹੋਂਦਾ ਹੈ ਉਹ ਪੈਸੇ ਵਲੋਂ ਥੁੜੇ ਤੇ ਮੁਆਸ਼ੀ ਤੌਰ 'ਤੇ ਮਾੜੇ ਬੰਦੇ ਨੂੰ ਕੁਚੱਜਾ ਤੇ ਹੀਣਾ ਜਾਣਦਾ ਹੈ। ਚੱਜ ਤੇ ਸਮਝ ਜ਼ਰ ਵਿਚ ਹੈ। ਇਹ ਗੱਲ ਸਿਰਫ ਜੀਆਂ (ਵਿਅਕਤੀਆਂ) ਤੇ ਮੇਲਾਂ ਬਾਰੇ ਈ ਸਹੀ ਨਹੀਂ, ਸਗੋਂ ਕੌਮਾਂ ਬਾਰੇ ਵੀ ਠੀਕ ਹੈ। ਇਕ ਮੁਲਕ ਵਿਚ ਮੁਆਸ਼ੀ ਤੌਰ 'ਤੇ ਸੁਖਾਲੇ ਸੂਬੇ ਯਾ ਕੌਮ ਦੇ ਲੋਕ ਮੁਆਸ਼ੀ ਤੌਰ 'ਤੇ ਪਛੜੇ ਸੂਬਿਆਂ ਯਾ ਕੌਮਾਂ ਦੇ ਲੋਕਾਂ ਨੂੰ ਆਪਣੇ ਨਾਲੋਂ ਹੀਣਾ, ਕੁਚੱਜਾ ਤੇ ਕੁਸਮਝ ਜਾਣਦੇ ਹਨ, ਉਹਨਾਂ ਦਾ ਮਜ਼ਾਕ ਉਡਾਂਵਦੇ ਹਨ, ਬਿਲਕੁਲ ਏਵੇਂ ਜਿਵੇਂ ਹਾਕਮ ਲੋਕਾਈ ਦਾ ਉਡਾਂਵਦੇ ਹਨ। ਉਹਨਾਂ ਉਤੇ ਸ਼ੱਕ ਕਰੇਂਦੇ ਹਨ ਅਤੇ ਉਹਨਾਂ ਦੇ ਦੇਸ ਨਾਲ ਪਿਆਰ ਬਾਰੇ ਵਿਸਵਿਸੇ ਰਖਦੇ ਹਨ ਬਿਲਕੁਲ ਏਵੇਂ ਜਿਵੇਂ ਹਾਕਮ ਲੋਕਾਈ ਉਤੇ ਸ਼ੱਕ ਕਰੇਂਦੇ ਹਨ ਤੇ ਲੋਕਾਈ ਦੇ ਦੇਸ ਨਾਲ ਪਿਆਰ ਬਾਰੇ ਵਿਸਵਿਸੇ ਰਖਦੇ ਹਨ। (ਤੇ ਜਦੋਂ ਲੋਕਾਈ ਹਾਕਮਾਂ ਨਾਲ ਝਗੜਾ ਮੁਕਾਵਣ ਵਾਸਤੇ ਉਠ ਖਲੋਂਦੀ ਹੈ ਤੇ ਹਾਕਮ ਉਹਨਾਂ ਨੂੰ ਦੇਸ ਦੇ ਦੁਸ਼ਮਨਾਂ ਦਾ ਨਾਂ ਦੇਂਦੇ ਹਨ)

ਮੁਕਦੀ ਇਹ ਭਈ ਉਹ ਦੂਜਿਆਂ ਸੂਬਿਆਂ ਯਾ ਕੌਮਾਂ ਦੇ ਬੰਦੇ ਨੂੰ ਆਪਣੇ ਬਰਾਬਰ ਨਹੀਂ ਸਮਝਦੇ, ਆਪਣੇ ਵਰਗਾ ਪੂਰਾ ਬੰਦਾ ਨਹੀਂ ਸਮਝਦੇ। ਬਿਲਕੁਲ ਏਵੇਂ ਜਿਵੇਂ ਹਾਕਮ ਯਾ ਕਲੋਨੀਗੀਰ ਦੇਸੀ ਬੰਦੇ ਨੂੰ ਆਪਣੇ ਸਾਵੇਂ ਪੂਰਾ ਬੰਦਾ ਨਹੀਂ ਜਾਣਦੇ। ਇਹ ਗੱਲ ਚੇਤੇ ਰਖਣੀ ਚਾਹੀਦੀ ਹੈ ਭਈ ਜਿਵੇਂ ਚਾਲੂ ਵਸੇਬ ਵਿਚ ਹਰ ਜ਼ਰਵਾਲ, ਹਰ ਅਮੀਰ ਆਦਮੀ ਦੂਜੇ ਬੰਦੇ ਕੰਨੋ ਉਹਦਾ ਹੱਕ ਖੱਸ ਕੇ ਜ਼ਰਵਾਲ ਯਾ ਅਮੀਰ ਥੀਉਂਦਾ ਹੈ, ਇਵੇਂ ਈ ਅਮੀਰ ਸੂਬੇ ਯਾ ਅਮੀਰ ਕੌਮਾਂ ਵੀ ਦੂਜਿਆਂ ਸੂਬਿਆਂ ਯਾ ਕੌਮਾਂ ਕੰਨੋ ਉਹਨਾਂ ਦਾ ਹੱਕ ਖੱਸ ਕੇ ਈ ਅਮੀਰ ਥੀਂਦੀਆਂ ਹਨ ਤੇ ਇਵੇਂ ਨਾ ਜਾਣਦਿਆਂ ਹੋਇਆਂ ਜ਼ਾਲਮਾਂ ਨਾਲ ਰਲ ਕੇ ਵੈਂਦੀਆਂ ਹਨ, ਭਾਵੇਂ, (ਇਹ ਗੱਲ ਆਪਣੀ ਥਾਂ ਸਾਫ਼ ਹੈ ਭਈ) ਅਮੀਰ ਸੂਬੇ ਯਾ ਕੌਮ ਦੀ ਲੋਕਾਈ ਦੀ ਹਾਕਮ ਮੇਲ ਹੱਥੋਂ ਪੀਹ ਵੀ ਨਾਲੋਂ ਨਾਲ ਟੁਰਦੀ ਰਹਿੰਦੀ ਹੈ। ਪਰ ਇਹਨਾਂ ਗੱਲਾਂ ਦੀ ਸਾਰ, ਜ਼ਾਹਰ ਏ, ਹਾਕਮ ਲੋਕਾਈ ਨੂੰ ਨਾ ਥੀਉਣ ਦੇਸੀ। ਉਹ ਲੋਕਾਈ ਨੂੰ ਬੇਇਲਮੀ ਵਿਚ ਰਖਦਾ ਹੈ ਤੇ ਏਸ ਬੇਇਲਮੀ ਥੀਂ ਪੂਰੇ ਲਾਭ ਘਿੰਨ ਕੇ ਉਹ ਇਕ ਸੂਬੇ ਯਾ ਕੌਮ ਦੇ ਲੋਕਾਂ ਵਿਚ ਦੂਜੇ ਸੂਬੇ ਯਾ ਕੌਮ ਦੇ ਲੋਕਾਂ ਬਾਰੇ ਬੇਵਸਾਹੀ, ਬਦਗੁਮਾਨੀ ਤੇ ਸ਼ੱਕ ਭਰੇਂਦਾ ਹੈ ਤੇ ਇੰਜ ਪੂਰੀ ਲੋਕਾਈ ਵਿਚ ਪਾੜ ਘਤ ਤੇ ਉਹਨੂੰ ਆਪਣੇ ਅਗੇ ਇਕਮੁੱਠ ਨਹੀਂ ਥੀਉਣ ਦੇਂਵਦਾ। ਜੇ ਅਸਾਂ ਲੋਕਾਈ ਦਾ ਇਕਮੁੱਠ ਥੀਉਣ ਲੋੜਦੇ ਹਾਂ ਤਾਂ ਅਸਾਨੂੰ ਇਹਨਾਂ ਪਾੜਾਂ ਨੂੰ ਨਜ਼ਰ ਵਿਚ ਰਖਣਾ ਪਉਸੀ ਤੇ ਇਹਨਾਂ ਨੂੰ ਮੇਟਣ ਲਈ ਉਚੇਚਾ ਮਤਾ ਬਣਾਉਣਾ ਪਉਸੀ। ਇਹਨਾਂ ਪਾੜਾਂ ਥੀਂ ਅੱਖਾਂ ਬੰਦ ਕਰਨਾ ਹਾਕਮਾਂ ਦਾ ਚਾਲਾ ਹੈ ਕਿਉਂ ਜੇ ਹਾਕਮ ਜਿਹੜੇ ਵੀ ਪਾੜ ਲੋਕਾਈ ਦੇ ਅੰਦਰੋਂ ਅੰਦਰ ਪਾਉਂਦੇ ਨੇ ਉਹਨਾਂ ਨੂੰ ਮੂੰਹੋਂ ਕਦੀ ਨਹੀਂ ਮੰਨਦੇ। ਉਹ ਆਪਣੀ ਚਿੱਟੀ ਚਾਦਰ ਉਤੇ ਕੋਈ ਦਾਗ਼ ਨਹੀਂ ਪੈਣ ਦੇਂਦੇ, ਅੰਦਰ ਭਾਵੇਂ ਉਹਨਾਂ ਦਾ ਉੱਕਾ ਤਰੱਕਿਆ ਹੋਵੇ। ਇਹ ਪਾੜ ਲੋਕਾਈ ਦੀ ਆਜ਼ਾਦੀ ਦੇ ਰਾਹ ਵਿਚ ਰੋੜੇ ਹਨ ਜਿੰਨਾਂ ਨੂੰ ਦੇਖਿਉਂ



ਤੇ ਹਟਾਉਣ ਬਿਨਾਂ ਅਸੀਂ ਨਿੱਤ ਠੇਡੇ ਖਾਵਾਂਗੇ ਤੇ ਆਪਣੇ ਪੈਰ ਜ਼ਖ਼ਮਾਵਾਂਗੇ ਜਿਹਦੇ ਨਾਲ ਸਾਡਾ ਪੈਂਡਾ ਬਹੂੰ ਔਖਾ ਥੀ ਵੈਸੀ ਤੇ ਨਹੀਂ ਭੁਲਣਾ ਚਾਹੀਦਾ ਜੇ ਅਸਾਂ ਆਉਣ ਵਾਲੇ ਪੂਰਾਂ (ਨਸਲਾਂ) ਅਗੇ ਜਵਾਬਦਾਰ ਹਾਂ।

ਇਹ ਖ਼ਿਆਲ ਕਰਨਾ ਸਾਡੀ ਭੁਲ ਏ ਜੇ "ਪਾੜ ਪਾਓ ਤੇ ਹਕੂਮਤ ਕਰੋ" ਦਾ ਅਸੂਲ ਨਿਰੇ ਅੰਗਰੇਜ਼ ਵਰਤੀਂਦੇ ਹਨ। ਹਕੀਕਤ ਇਹ ਹੈ ਕਿ ਹਰ ਹਾਕਮ ਇਹ ਅਸੂਲ ਲੋਕਾਈ ਉਤੇ ਵਰਤੀਂਦਾ ਹੈ ਤੇ ਇਹਦੇ ਤੋਂ ਆਪਣਾ ਮੇਲੀ ਪੱਖ ਪੂਰਦਾ ਹੈ। ਸਾਡੇ ਦੇਸ ਦੇ ਹਾਕਮਾਂ ਵੀ ਏਸ ਅਸੂਲ ਨੂੰ ਚੋਖਾ ਵਰਤਿਆ ਹੈ। ਅਸੀਂ ਪਠਾਣਾਂ ਬਾਰੇ ਲਤੀਫ਼ੇ ਬੜੇ ਮਜ਼ ਘਿੰਨ ਘਿੰਨ ਕੇ ਸੁਣਾਉਂਦੇ ਹਾਂ ਪਰ ਕੀਹ ਸਾਨੂੰ ਸਾਰ ਹੋਂਵਦੀ ਹੈ ਜੇ ਇਹਨਾਂ ਲਤੀਫ਼ਿਆਂ ਪਿਛੇ ਸਾਡੇ ਅੰਦਰ ਹਾਕਮ ਅਲਾਉਂਦਾ ਹੈ ? (ਬੋਲਦਾ, ਅਲਾਵਣ=ਬੋਲਣ) ਨਹੀਂ, ਸਾਨੂੰ ਇਹ ਸਾਰ ਨਹੀਂ ਹੋਵਦੀਂ। ਏਸੇ ਵਾਸਤੇ ਤੇ ਅਸੀਂ ਇਹਨਾਂ ਲਤੀਫ਼ਿਆਂ ਥੀਂ ਚੱਸ ਘਿੰਨਦੇ ਹਾਂ ਤੇ ਇੰਜ ਹਾਕਮਾਂ ਨਾਲ ਰਲ ਜਾਂਵਦੇ ਹਾਂ ਪਰ ਸਾਨੂੰ ਉੱਕਾ ਸ਼ਰਮ ਨਹੀਂ ਆਉਂਦੀ। "ਅਸਾਂ ਜਾਗਦੇ ਵੀ ਸੁਤੇ (ਰਹਿੰਦੇ) ਹਾਂ।" ਮਜ਼੍ਹਬੀ ਫ਼ਿਰਕਾਦਾਰੀ, ਨਸਲ, ਰੰਗ ਤੇ ਜਾਤਪਾਤ ਦੇ ਪਾੜ ਵੀ ਸਾਡੀ ਗ਼ਰੀਬੀ ਦੇ ਜ਼ਿੰਮੇਵਾਰ ਹਨ, ਜਿਹਨਾਂ ਦੀ ਤਾਲੀਮ, ਹਾਕਮ ਉਚੇਚਾ ਲੋਕਾਈ ਨੂੰ ਦੇਂਵਦੇ ਹਨ। ਇਹਨਾਂ ਨਿੱਕਿਆਂ ਨਿੱਕਿਆਂ ਤੇ ਬੇਮਹਿਨੀ ਪਾੜਾਂ ਨੂੰ ਵਡਿਆ ਕੇ ਹਾਕਮ ਉਸ ਅਸਲ ਤੇ ਮੁਢਲੇ ਪਾੜ ਨੂੰ ਲੋਕਾਈ ਦੀ ਅੱਖੋਂ ਉਹਲੇ ਕਰ ਦੇਂਦੇ ਨੇ ਜਿਹੜਾ ਕਿ ਲੋਕਾਈ ਤੇ ਹਾਕਮ ਮੇਲ ਵਿਚਾਲੇ ਹੈ। ਏਸ ਮੁਢਲੇ ਤੇ ਵਡੇ ਪਾੜ ਦੀ ਸੰਞਾਣ ਈ ਲੋਕਾਈ ਦੀ ਬੀੜ ਦੀ ਜ਼ਾਮਨ ਹੈ ਤੇ ਉਹਦੀ ਆਜ਼ਾਦੀ ਤੇ ਬੰਦਿਆਈ ਦੀ ਬਸ਼ਾਰਤ ਹੈ।

ਗ਼ਰੀਬੀ ਦੀ ਰਹਿਤਲ ਦਾ ਹਿਕ ਹੋਰ ਅੰਗ ਲੋਕਾਈ ਦੀ ਇਹ ਸੋਚ ਹੈ ਜੇ ਬੰਦੇ ਵਟਾਵਣ ਨਾਲ, ਨੇਕਦਿਲ ਤੇ ਰਹਿਮਦਿਲ ਹਾਕਮ ਨਾਲ ਉਹਦੇ ਦੁਖ ਮੁਕ ਵੈਸਣ। ਏਸ ਸੋਚ ਦੇ ਪਿਛੇ ਜਿਹੜੀ ਸੋਚ ਕੰਮ ਕਰ ਰਹੀ ਹੈ ਉਹ ਇਹ ਹੈ ਜੇ ਹਰ ਬੰਦਾ, ਪੂਰੇ ਵਸੇਬ ਨੂੰ ਬਦਲਿਉਂ ਬਾਝੋਂ, ਆਪਣੀ ਇਸਲਾਹ ਕਰ ਸਕਦਾ ਹੈ। ਇਹ ਅਸਾਇੰਸੀ ਸੋਚ ਮੁੱਲਾਂ ਤੇ ਜਮਾਇਤ ਇਸਲਾਮੀ ਵਲੋਂ ਆਂਵਦੀ ਹੈ ਜਿਹੜੀ ਇਹ ਪ੍ਰਚਾਰਦੀ ਹੈ ਜੇ ਉਹਨਾਂ ਮਾਲੀ ਹਾਲਤਾਂ ਨੂੰ ਬਦਲਿਆਂ ਬਾਝੋਂ, ਜਿਨ੍ਹਾਂ ਨੇ ਬੰਦੇ ਕੰਨੋਂ ਬੰਦਿਆਈ ਖੋਹੀ ਹੈ, ਬੰਦਾ ਕੱਲਾ ਆਪਣੀ ਇਸਲਾਹ ਕਰ ਸਕਦਾ ਹੈ। ਇਹ ਨਿਰੀ ਬਕਵਾਸ ਹੈ। ਬੰਦਾ ਹਵਾ ਵਿਚ ਨਹੀਂ ਬੈਠਾ ਹੋਇਆ, ਉਹ ਵਸੇਬਵਾਸ ਹੈ ਤੇ ਜੇ ਪੂਰਾ ਵਸੇਬ ਹੀ ਵਿਗੜਿਆ ਹੋਵੇ ਤੇ ਕੱਲਾ ਬੰਦਾ ਆਪਣੇ ਆਪ ਨੂੰ ਕਿਵੇਂ ਠੀਕ ਕਰ ਸਕਦਾ ਹੈ ? ਵਸੇਬ ਨੂੰ ਵਿਗਾੜਣ ਵਾਲਾ ਤੇ ਹਾਕਮ ਮੇਲ ਹੈ ਜਿਨ੍ਹੇ ਆਪਣੇ ਲੋਭ ਵਾਸਤੇ ਜ਼ੁਲਮ ਕਰਕੇ ਬੰਦਿਆਂ ਨੂੰ ਦਬੇਲ ਬਣਾਇਆ ਹੈ ਤੇ ਏਸ ਲੋਭ ਤੇ ਜ਼ੁਲਮ ਨਾਲ ਬੰਦਿਆਂ ਕੋਲੋਂ ਬੰਦਿਆਈ ਖੋਹੀ ਹੈ ਤੇ ਉਹਨਾਂ ਦਾ ਸਾਰਾ ਸੋਹਣ ਘੱਟਾ ਕਰਨ ਦਾ ਮਤਾ ਪਕਾਈ ਬੈਠਾ ਹੈ। ਜਦ ਤਾਈਂ ਹਾਕਮ ਮੇਲ ਕੰਨੋ ਜ਼ੁਲਮ ਕਰਨ ਦਾ ਅਖ਼ਤਿਆਰ ਨਹੀਂ ਖੋਹਿਆ ਜਾਂਵਦਾ, ਇਹ ਵਸੇਬ ਨਹੀਂ ਠੀਕ ਥੀ ਸਕਦਾ। ਤੇ ਨਾ ਉਸ ਵਸੇਬ ਵਿਚ ਵਸਣ ਵਾਲਾ ਠੀਕ ਥੀ ਸਕਦਾ ਏ। ਪਰ ਹਾਕਮ ਮੇਲ ਲੋਕਾਈ ਨੂੰ ਇਹੋ ਸਬਕ ਦੇਂਦਾ ਹੈ ਜੇ ਵਸੇਬ ਵਿਚ ਮੇਲ ਕੋਈ ਨਹੀਂ।

ਜਦੋਂ ਲੋਕਾਈ ਨੇਕ ਦਿਲ ਹਾਕਮ ਨੂੰ ਉਡੀਕਦੀ ਹੈ ਤਾਂ ਉਹ ਹਾਕਮ ਦਾ ਇਹੋ ਸਬਕ ਦੁਹਰਾ ਰਹੀ ਹੋਂਵਦੀ ਹੈ। ਇਹ ਸਬਕ ਦੁਹਰਾਣ ਦੀ ਇਕ ਵੱਜ੍ਹਾ ਇਹ ਵੀ ਹੈ ਜੇ ਦਬੇਲ ਨੂੰ ਇਹ ਖ਼ਬਰ ਨਹੀਂ ਹੋਂਵਦੀ ਜੇ ਜ਼ੁਲਮ ਨਿਰੇ ਉਹਦੇ ਕੱਲੇ ਉਤੇ, ਜਾਂ ਉਹਦੇ ਕੁਝ ਸੰਗੀਆਂ ਸਾਥੀਆਂ ਉਤੇ ਨਹੀਂ, ਉਹਦੇ ਪੂਰੇ ਮੇਲ ਉਤੇ ਥੀਂਦਾ ਹੈ। ਉਹਦੀ ਨਜ਼ਰ ਆਪਣੇ ਨਿੱਕੇ ਜਿਹੇ ਆਲੇ ਦਵਾਲੇ ਥੀਂ ਪਰ੍ਹਾਂ

ਨਹੀਂ ਜਾਂਵਦੀ ਤੇ ਉਹ ਇਹੋ ਸਮਝਦਾ ਰਹਿੰਦਾ ਹੈ ਕਿ ਕੁਝ ਜੀਆਂ ਉਤੇ ਜ਼ੁਲਮ ਹੋ ਰਿਹਾ ਹੈ ਤੇ ਕੁਝ ਜੀਆਂ ਵਲੋਂ ਜ਼ੁਲਮ ਹੋ ਰਿਹਾ ਹੈ। ਉਹਨੂੰ ਇਹ ਸਾਰ ਨਹੀਂ ਹੋਵਦੀ ਕਿ ਇਕ ਮੇਲ ਦੂਜੇ ਮੇਲ ਉਤੇ ਜ਼ੁਲਮ ਕਰ ਰਿਹਾ ਹੈ ਤੇ ਮੇਲ ਈ ਏਸ ਜ਼ੁਲਮ ਨੂੰ ਜੜ੍ਹੋਂ ਪੁਟ ਸਕਦਾ ਹੈ। ਜਮਾਇਤੇ-ਇਸਲਾਮੀ ਤੇ ਉਹਦੀ ਸੋਚ ਦੇ ਅਖ਼ਬਾਰ ਤੇ ਸੂਝਵਾਨ ਏਸ ਗੱਲ ਨੂੰ ਸਾਬਤ ਕਰਨ ਵਾਸਤੇ ਕਿ ਨੇਕ ਦਿਲ ਹਾਕਮ ਲੋਕਾਈ ਦਾ ਸਜਣ ਹੋਂਵਦਾ ਹੈ, ਮੁਗ਼ਲ ਤੇ ਅਰਬ ਬਾਦਸ਼ਾਹਾਂ ਦੀਆਂ ਮਿਸਾਲਾਂ ਦੇਂਵਦੇ ਹਨ ਕਿ ਉਹਨਾਂ ਬਾਦਸ਼ਾਹਾਂ ਦੇ ਸਮੇਂ ਕਿਵੇਂ ਹਰ ਪਾਸੇ "ਇਨਸਾਫ਼" ਦਾ "ਦੌਰ ਦੌਰਾ" ਹੋਂਦਾ ਸੀ ਤੇ ਕਿਵੇਂ ਲੋਕਾਈ "ਖ਼ੁਸ਼ਹਾਲ" ਰਹਿੰਦੀ ਸੀ। ਇਹ ਚਿੱਟਾ ਝੂਠ ਤੇ ਧੋਖਾ ਹੈ। ਭਲਾ ਬਾਦਸ਼ਾਹ ਦਾ, ਹਾਕਮ ਦਾ ਵੀ ਕਦੇ ਕੋਈ ਮਜ਼੍ਹਬ ਥੀਆ ਹੈ? ਤੇ ਦੂਜੀ ਗੱਲ ਇਹ ਹੈ ਕਿ ਬਾਦਸ਼ਾਹ ਕੱਲਾ ਤੇ ਕੱਖ ਨਹੀਂ, ਉਹ ਤੇ ਪੂਰੇ ਹਾਕਮ ਮੇਲ ਦਾ ਮੋਹਰੀ ਹੋਂਵਦਾ ਹੈ। ਸਗੋਂ ਆਪਣੇ ਮੇਲ ਦਾ ਕਾਮਾ ਹੋਂਦਾ ਹੈ। ਤੇ ਤੀਜੀ ਗੱਲ ਇਹ ਜੇ ਬਾਦਸ਼ਾਹ/ਹਾਕਮ ਵੀ ਭਲਾ ਕਦੇ ਰਹਿਮ ਦਿਲ ਥੀ ਸਕਦਾ ਹੈ? ਆਪਣੀ ਬਾਦਸ਼ਾਹੀ, ਆਪਣੀ ਹਾਕਮੀ ਪੱਕੀ ਰੱਖਣ ਵਾਸਤੇ ਉਹਦੇ ਲਈ ਲੋਕਾਈ ਨੂੰ ਦਬਾਣਾ ਜ਼ਰੂਰੀ ਏ, ਨਹੀਂ ਤੇ ਉਹ ਬਾਦਸ਼ਾਹ ਰਹਿ ਹੀ ਨਹੀਂ ਸਕਦਾ, ਹਾਕਮ ਰਹਿ ਈ ਨਹੀਂ ਸਕਦਾ। ਤੇ ਜੇ ਉਹਦਾ ਮੇਲ ਯਾਨੀ ਹਾਕਮ ਮੇਲ ਇਹ ਦੇਖੇ ਜੇ ਓਹਨਾਂ ਦਾ ਮੋਹਰੀ, ਉਹਨਾਂ ਦਾ ਕਾਮਾ, ਉਹਨਾਂ ਦੇ ਮੁਫ਼ਾਦਾਂ ਦੀ ਚੰਗੀ ਤਰ੍ਹਾਂ ਰਾਖੀ ਨਹੀਂ ਕਰ ਰਿਹਾ, ਤੇ ਓਹ (ਹਾਕਮ ਮੇਲ) ਉਹਨੂੰ ਚੁਕ ਕੇ ਪਰ੍ਹਾਂ ਮਾਰਦੇ ਹਨ ਤੇ ਉਹਦੀ ਥਾਵੇਂ ਨਵਾ ਮੋਹਰੀ ਘਿੰਨ ਆਂਵਦੇ ਹਨ। ਸਾਰੇ ਜੱਗ ਦੀ ਤਵਾਰੀਖ਼ ਇਹੋ ਦਸਦੀ ਹੈ, ਸਾਡੇ ਦੇਸ ਦੀ ਤਾਰੀਖ਼ ਵੀ ਇਹੋ ਦਸਦੀ ਹੈ। ਅਯੂਬ ਖਾਂ ਇੰਜੇ ਈ ਆਇਆ ਸੀ। ਅਜਕਲ ਥਾਈਲੈਂਡ ਵਿਚ ਬਿਲਕੁਲ ਇੰਜੇ ਥੀਆ ਹੈ। ਹੋਰ ਤਰੀਜੇ ਜੁਗ ਦੇ ਕਈ ਮੁਲਕਾਂ ਵਿਚ ਇੰਜੇ ਥੀਆ ਹੈ। ਭਈ ਜਦੋਂ ਲੋਕਾਈ ਦੀ ਸਿਆਸੀ ਜਾਗਰਤ ਪਾਰੋਂ ਹਾਕਮ ਮੇਲ ਡੋਲਣ ਲਗਾ ਤੇ ਉਹਨੇ ਅਚਨਚੇਤੀ ਫ਼ੌਜੀ ਰਾਜ ਘਿੰਨ ਆਂਵਦਾ ਜਿਹੜਾ ਲੋਕਾਈ ਦੇ ਕਤਲਾਮ ਵਿਚ ਉੱਕਾ ਮੂੰਹ ਮੁਲਾਹਜ਼ਾ ਨਾ ਰਖੇ।

ਪਰ ਇਹ ਗੱਲ ਵੀ ਵੇਖਣ ਵਾਲੀ ਹੈ ਭਈ ਲੋਕਾਈ ਹਾਕਮ ਕੰਨੋਂ ਰਹਿਮ ਕਿਉਂ ਮੰਗੇ? ਰਹਿਮ ਤੇ ਗਦਾ ਕਰਨ ਵਾਲਾ ਮੰਗਦਾ ਏ। ਹਾਕਮ ਤੇ ਆਪੂੰ ਲੋਕਾਈ ਦਾ ਖਾਂਵਦੇ ਨੇ, ਮੁੜ ਲੋਕਾਈ ਉਹਨਾਂ ਕੋਲੋਂ ਰਹਿਮ ਕਿਉਂ ਮੰਗੇ, ਉਹਨਾਂ ਅਗੇ ਗਦਾ ਕਿਉਂ ਕਰੇ? ਸੱਚੀ ਗੱਲ ਤੇ ਇਹ ਹੈ ਕਿ ਜਮਾਤੇ ਇਸਲਾਮੀ ਤੇ ਰਹਿੰਦੇ ਸਾਰੇ ਸੱਜੇ 'ਰਹਿਮ ਦਿਲ ਹਾਕਮ" ਦੀ ਮੰਗ ਕਰਕੇ ਹਾਕਮ ਤੇ ਦਬੇਲ ਦੀ ਵੰਡ ਨੂੰ ਉਂਜੇ ਦਾ ਉਂਜੇ ਰਖਣਾ ਚਾਹੁੰਦੇ ਹਨ ਤੇ ਲੋਕਾਈ ਨੂੰ ਦਬੇਲ ਰਹਿਣ ਦਾ ਤੇ ਹਾਕਮਾਂ ਕੋਲੋਂ ਰਹਿਮ ਮੰਗਣ ਦਾ ਦਰਸ ਦੇਣਾ ਚਾਹੁੰਦੇ ਹਨ। ਦੁਖ ਏਸ ਗੱਲ ਦਾ ਹੈ ਕਿ ਲੋਕਾਈ ਨੇ ਇਹ ਗੱਲ ਮੰਨ ਲਈ ਦੀ ਹੈ ਕਿ ਉਹ ਹਾਕਮਾਂ ਦੇ ਰਹਿਮ ਕਰਮ 'ਤੇ ਨੇ। ਜਦੋਂ ਦਬੇਲ ਇਹ ਆਖਦਾ ਹੈ ਕਿ "ਮਾਲਕ ਨੇ, ਜੋ ਚਾਹੁਣ ਕਰਨ" ਤੇ ਉਹ ਉਸੇ ਦਰਸ ਨੂੰ ਦੁਹਰਾ ਰਿਹਾ ਹੁੰਦਾ ਹੈ, ਜਿਹੜਾ ਹਾਕਮਾਂ ਯਾ ਉਹਨਾਂ ਦੀਆਂ ਜਮਾਤੇ-ਇਸਲਾਮੀ ਵਰਗੀਆਂ ਵਿਚਾਰਧਾਰੀ ਪਾਰਟੀਆਂ ਨੇ ਉਹਨੂੰ ਦਿੱਤਾ ਹੁੰਦਾ ਹੈ। ਜਦੋਂ ਕਿ ਤਵਾਰੀਖ਼ ਤੇ ਬੰਦਾ ਇਹਦੇ ਉਲਟ ਇਹ ਮੰਗ ਕਰੇਂਦੇ ਹਨ ਕਿ ਮਾਲਕਾਂ ਤੇ ਗ਼ੁਲਾਮਾਂ, ਹਾਕਮਾਂ ਤੇ ਦਬੇਲਾਂ ਦੀ ਵੰਡ ਮੁਕਾਈ ਵੰਞੇ ਤੇ ਏਸ ਵੰਡ ਨੂੰ ਮੁਕਾਵਣ ਭਾਵ ਹਾਕਮਾਂ ਨੂੰ ਮੁਕਾਇਆ ਵੰਞੇ, ਹਾਕਮਾਂ ਕੰਨੋਂ ਹਾਕਮੀ ਖੋਹਣ ਨਾਲ ਨਾ ਸਿਰਫ਼ ਦਬੇਲ ਆਪਣੀ ਬੰਦਿਆਈ ਪਛਾਣੇਗਾ ਸਗੋਂ ਹਾਕਮ ਨੂੰ ਵੀ ਆਪਣੀ ਬੰਦਿਆਈ ਪਛਾਣਨ ਦਾ ਮੌਕਾ ਥੀਸੀ। ਜਿਵੇਂ ਅਲਜੇਰਾਈ ਸੱਜਣ ਫ਼ੈਨਨ ਸਾਈਂ ਆਖਿਆ ਹਾ ਭਈ ਜਦੋਂ ਦਬੇਲ ਹਾਕਮ ਨਾਲ ਭਿੜਦਾ



ਹੈ ਤਾਂ ਦੋ ਬੰਦੇ ਮੁਕਦੇ ਹਨ, ਉਹ ਜਿਹੜਾ ਦਬੇਲ ਹਾ ਤੇ ਉਹ ਜਿਹੜਾ ਹਾਕਮ ਹਾ। ਪਰ ਅਗਲੀ ਗੱਲ ਇਹ ਵੀ ਹੈ ਜੇ ਏਸ ਦੋਹਰੇ ਮੁਕਾ ਵਿਚ ਦੋਹਰੇ ਜਮ ਦੀ ਸਕਤ ਵੀ ਹੋਂਦੀ ਹੈ ਯਾਨੀ ਨਾ ਸਿਰਫ਼ ਦਬੇਲ ਆਪਣੀ ਬੰਦਿਆਈ ਪਛਾਣਦਾ ਹੈ ਤੇ ਸਗੁਵਾਂ ਬੰਦਾ ਬਣਦਾ ਏ ਸਗੋਂ ਹਾਕਮ ਨੂੰ ਵੀ ਆਪਣੀ ਬੰਦਿਆਈ ਪਛਾਣਨ ਦੇ ਸਗਵਾਂ ਬੰਦਾ ਬਣਨ ਦਾ ਮੌਕਾ ਮਿਲਦਾ ਏ। ਮੁਕਦੀ ਇਹ ਭਈ ਮੰਗ ਨਿਰੀ ਰੋਟੀ, ਕਪੜੇ, ਮਕਾਨ ਦੀ ਨਹੀਂ ਜਿਹੜੀ ਅਸੀਂ "ਨੇਕ ਦਿਲ ਤੇ ਰਹਿਮ ਦਿਲ" ਬਾਦਸ਼ਾਹ, ਹਾਕਮ ਕੰਨੋਂ ਕਰੀਏ, ਇਹ ਮੰਗ ਤੇ ਖ਼ਬਰੇ ਕੋਈ ਹਾਕਮ ਪੂਰੀ ਕਰ ਵੀ ਦੇਵੇ, ਮੰਗ ਇਹਦੋਂ ਬਹੂੰ ਵਡੀ ਹੈ। **ਮੰਗ ਬੰਦੇ ਦੀ ਕਾਇਆਂ ਪਲਟਣ ਦੀ ਹੈ, ਬੰਦੇ ਨੂੰ ਉਹਦੀ ਖੁੱਸੀ ਬੰਦਿਆਈ ਪਰਤਾਵਣ ਦੀ ਹੈ, ਬੰਦੇ ਦੇ ਬੰਦੇ ਨਾਲ ਬੰਦਿਆਈ ਵਾਲੇ ਸੰਗ ਦੀ ਹੈ, ਬੰਦੇ ਦੇ ਬੰਦੇ ਨਾਲ ਸੱਚੇ, ਸਾਵੇਂ ਤੇ ਵਧਣਹਾਰ ਸਬੰਧ ਦੀ ਹੈ।** ਤੇ ਇਹ ਮੰਗ ਹਾਕਮ ਕਦੇ ਪੂਰੀ ਨਹੀਂ ਕਰ ਸਕਦੇ ਕਿਉਂ ਜੁ ਇਹ ਮੰਗ ਹਾਕਮ ਦੀ ਹੋਂਦ ਦੀ ਨੱਫ਼ੀ ਹੈ। ਹਾਕਮ ਦੇ ਹੋਂਦਿਆਂ ਇਹ ਮੰਗ ਏਸ ਵਾਸਤੇ ਪੂਰੀ ਨਹੀਂ ਥੀ ਸਕਦੀ ਪਈ ਬੰਦੇ ਨੂੰ ਦਬਾਣਾ, ਉਹਨੂੰ ਆਪਣੇ ਅੰਗੂਠੇ ਥਲੇ ਰਖਣਾ; ਉਹਨੂੰ ਖੁਲ੍ਹਮ ਖੁਲ੍ਹਾ ਆਪਣੀ ਗ਼ਰਜ਼ ਵਾਸਤੇ ਸ਼ੈਅ ਵਾਂਗਰ ਵਰਤਣਾ, ਦੂਜੇ ਲਫ਼ਜ਼ਾਂ ਵਿਚ, ਬੰਦੇ ਦੀ ਬੰਦਿਆਈ ਮਧੋਲਨਾ ਹਾਕਮ ਦੀ ਫ਼ਿਤਰਤ ਹੈ। ਏਸ ਵਾਸਤੇ ਨਹੀਂ ਭੁਲਣਾ ਚਾਹੀਦਾ, **ਕਿ ਜਦ ਤਾਈਂ ਬੰਦੇ ਦਾ ਬੰਦੇ ਉਤੇ ਦਬਾ ਹੈ, ਜਦ ਤਾਈਂ ਬੰਦੇ ਉਤੇ ਬੰਦੇ ਦਾ ਹੁਕਮ ਚਲਦਾ ਏ, ਬੰਦਾ ਆਪਣੀ ਪੂਰਤੀ ਦੇ ਨੇੜੇ ਨਹੀਂ ਢੁਕ ਸਕਦਾ।**

"ਰਹਿਮ ਦਿਲ ਤੇ ਨੇਕ ਦਿਲ" ਹਾਕਮ ਦੀ ਮੰਗ ਪਿਛੇ ਇਹ ਖ਼ਿਆਲ ਵੀ ਕੰਮ ਕਰੇਂਦਾ ਏ ਜੇ ਹਰ ਬੰਦਾ ਇਕੱਲਾ ਹੈ ਤੇ ਜੱਗ ਵਿਚ ਬੰਦੇ ਦਾ ਬੰਦੇ ਨਾਲ ਜਿਸਮਾਨੀ ਲੋੜਾਂ ਪੂਰਨ ਦੀ ਨਿਗੂਣੀ ਜਿਹੀ ਗ਼ਰਜ਼ ਥੀਂ ਵਖ ਹੋਰ ਕੋਈ ਸਬੰਧ ਨਹੀਂ, ਬੰਦੇ ਦਾ ਬੰਦੇ ਨਾਲ ਅੰਦਰਲਾ ਸਾਂਗਾ ਕੋਈ ਨਹੀਂ, ਬੰਦੇ ਨੂੰ ਬੰਦੇ ਦੀ ਉਸੇ ਹੱਦ ਤਾਈਂ ਲੋੜ ਏ ਜਿਸ ਹੱਦ ਤਾਈਂ ਉਹ ਉਹਦੀ ਗ਼ਰਜ਼ ਪੂਰੀ ਕਰਨ ਦਾ ਵਸੀਲਾ ਹੈ। "ਬੰਦਾ ਜੰਮਣ ਲਾ ਥੀਂ ਲੋਭੀ ਹੈ, ਖ਼ੁਦਗਰਜ਼ੀ ਉਹਦੀ ਫ਼ਿਤਰਤ ਹੈ।" ਇਹ ਖ਼ਿਆਲ ਸਿਰਫ਼ ਏਸ ਹੱਦ ਤਾਈਂ ਠੀਕ ਹੈ ਕਿ ਮੇਲੀ ਵਸੇਬ ਨੇ ਬੰਦੇ ਨੂੰ ਵਾਕਈ ਲੋਭੀ ਤੇ ਖ਼ੁਦਗਰਜ਼ ਬਣਾ ਦਿੱਤਾ ਹੈ ਤੇ ਉਹਦਾ ਇਕ ਦੂਜੇ ਨਾਲ ਅੰਦਰਲਾ ਸਾਂਗਾ, ਕੋਈ ਨਹੀਂ ਰਹਿਣ ਦਿੱਤਾ:

ਵਾਰਿਸਸ਼ਾਹ ਇਹ ਗ਼ਰਜ਼ ਹੈ ਬਹੁਤ ਪਿਆਰੀ, ਹੋਰ ਸਾਕ ਨਾ ਸੈਣ ਨਾ ਅੰਗ ਦੇ ਨੀ।

ਬੰਦੇ ਦੀ ਬੰਦੇ ਨਾਲ ਇੰਜ ਦੀ ਮੈਂ-ਪਾਲ ਵਾਹ ਵਰਤਨ ਵਿਚ ਜਿਹੜਾ ਪਛੜ ਜਾਂਦਾ ਏ, ਉਹ ਦੂਜੇ ਬੰਦੇ ਕੋਲੋਂ ਵਾਕਈ ਰਹਿਮ ਦੇ ਸਿਵਾ ਹੋਰ ਕੁਝ ਨਹੀਂ ਮੰਗ ਸਕਦਾ। ਰਹਿਮ ਮੰਗਣ ਵਾਲਾ ਇਕ ਹਾਰਿਆ ਹੋਇਆ, ਫ਼ਤਹ ਹੋਇਆ ਹੋਇਆ ਬੰਦਾ ਹੋਂਦਾ ਹੈ ਤੇ ਰਹਿਮ ਖਾਣ ਵਾਲਾ ਇਕ ਜਿਤਿਆ ਹੋਇਆ ਬੰਦਾ ਹੋਂਦਾ ਹੈ। ਏਸ ਵਾਸਤੇ ਰਹਿਮ ਦਾ ਸਾਂਗਾ ਵੈਰ ਦਾ ਸਾਂਗਾ ਹੋਂਦਾ ਹੈ, ਸਜਣਾਈ ਵਿਚ ਤਾਂ ਰਹਿਮ ਨਹੀਂ ਹੋਂਦਾ। ਹਾਕਮ ਕੋਲੋਂ ਲੋਕਾਈ ਦਾ ਰਹਿਮ ਮੰਗਣਾ ਇਹ ਆਖਣਾ ਹੈ ਕਿ ਅਸੀਂ ਨਿੱਕੇ ਹਾਂ, ਤੁਸੀਂ ਵਡੇ ਹੋ, ਅਸੀਂ ਮਾੜੇ ਹਾਂ ਤੁਸੀਂ ਤਾਕਤਵਰ ਹੋ, ਅਸੀਂ ਦਬੇਲ ਹਾਂ ਤੁਸੀਂ ਹਾਕਮ ਹੋ, ਸਾਡੇ ਉਤੇ ਰਹਿਮ ਖਾਉ। ਇਹੋ ਹਾਕਮ ਚਾਹੁੰਦੇ ਹਨ, ਜਮਾਤੇ-ਇਸਲਾਮੀ ਚਾਹੁੰਦੀ ਹੈ, ਸਾਰੇ ਸੱਜੇ ਚਾਹੁੰਦੇ ਹਨ।

ਪਰ ਇਹ ਗੱਲ ਗ਼ਲਤ ਹੈ ਕਿ ਬੰਦਾ ਅਜ਼ਲਾਂ ਥੀਂ ਇੰਜ ਦਾ ਹੈ। ਨਾ ਬੰਦਾ ਅਜ਼ਲਾਂ ਥੀਂ ਖ਼ੁਦਗਰਜ਼ ਹੈ ਤੇ ਨਾ ਹੁਣ ਉਹਨੇ ਇੰਜ ਦਾ ਰਹਿਣਾ ਏ। ਮੇਹਨਤੀ ਮੇਲ ਨੂੰ ਜਿਉਂ ਜਿਉਂ ਸੁਰਤ ਆਂਵਦੀ ਹੈ, ਉਹ ਹਾਕਮ ਮੇਲ ਦੀ ਪਾਈ ਏਸ ਗੇੜ ਨੂੰ ਤੋੜਦਾ ਹੈ। ਮੇਹਨਤੀ ਮੇਲ ਦੀ ਲੜਾਈ

ਏਸ ਗੱਲ ਨੂੰ ਪਛਾਣਨ ਦੀ ਲੜਾਈ ਹੈ ਕਿ ਬੰਦੇ ਨੂੰ ਆਪਣੀਆਂ ਜਿਸਮਾਨੀ ਲੋੜਾਂ ਪਾਰੋਂ ਘਟ ਸਗੋਂ ਆਪਣੇ ਸਹੀ ਬੰਦਾ ਹੋਵਣ ਵਾਸਤੇ ਆਪਣੀਆਂ ਅੰਦਰਲੀਆਂ ਤਾਕਤਾਂ ਦੀ ਸੰਞਾਣ ਵਾਸਤੇ ਤੇ ਆਪਣੀ ਪੂਰਤੀ ਵਾਸਤੇ ਦੂਜੇ ਬੰਦੇ ਦੀ ਲੋੜ ਹੈ। ਬੰਦੇ ਨੂੰ ਆਪਣੇ ਬੰਦਾ ਹੋਵਣ ਵਾਸਤੇ ਬੰਦੇ ਦੀ ਲੋੜ ਹੈ। ਹਾਕਮ ਮੇਲ ਦੀ ਹੋਂਦ ਤੇ ਤਾਲੀਮ ਪਾਰੋਂ ਹੁਣ ਨਾ ਸਹੀ, ਪਰ ਬੰਦੇ ਦਾ ਬੰਦੇ ਨਾਲ ਬੇਗ਼ਰਜ਼ ਤੇ ਬੰਦਿਆਈ ਵਾਲਾ ਵਧਣਹਾਰ ਸਾਂਗਾ ਬਣ ਜ਼ਰੂਰ ਸਕਦਾ ਹੈ ਕਿਉਂਜੁ ਤਵਾਰੀਖ਼ ਦੀ ਕਿਸੇ ਵੀ ਪਧਰ ਉਤੇ ਬੰਦਾ ਕਦੀ ਵੀ ਆਪਣੇ ਚਾਲੂ ਵਿਹਾਰ 'ਤੇ ਖਲੋਤਾ ਨਹੀਂ । ਉਹ ਸਦਾ ਤੋਂ "ਬਣਨ" ਦੇ, ਮਤਲਬ ਆਪਣੀ ਪੂਰਤੀ ਦੇ ਘੋਲ ਵਿਚ ਹੈ ਤੇ ਉਹਦਾ ਇਹ ਘੋਲ ਅਜੇ ਵੀ ਟੁਰ ਰਿਹਾ ਹੈ ਤੇ ਪਤਾ ਨਹੀਂ ਕਦੋਂ ਤਾਈਂ ਟੁਰਦਾ ਰਹਿਣਾ ਏ। ਇਹ ਘੋਲ ਸਮਝ ਦੀ ਅੱਗ ਵਾਂਗਣ ਹੈ ਜਿਹਦੇ ਸਦਕੇ ਸਮਝ ਦੀ ਹੋਂਦ ਏ । ਜੇ ਬਣਨ ਦਾ ਇਹ ਘੋਲ ਨਾ ਹੋਂਦਾ ਤੇ ਬੰਦਾ ਹੋਂਦਾ ਈ ਨਾ, ਯਾ ਅਜੇ ਵੀ ਜੰਗਲਾਂ ਵਿਚ ਬੰਦੇ ਖਾਣ ਨੂੰ ਫਿਰ ਰਿਹਾ ਹੋਂਦਾ । ਗ਼ਰੀਬੀ ਦੀ ਰਹਿਤਲ ਬੰਦੇ ਨੂੰ ਏਸ ਘੋਲ ਤੋਂ ਵਰਜਦੀ ਹੈ ਉਹਨੂੰ ਆਪਣੀ ਗਰਜ਼ ਪਿਛੇ ਨਸਾ ਨਸਾ ਕੇ ਅੰਦਰੋਂ ਖੋਖਲਾ ਕਰ ਦੇਂਦੀ ਹੈ ਤੇ ਉਹਨੂੰ ਇਕਲਾਪੇ ਤੇ ਵਖਰੱਪ ਦੇ ਘੇਰ ਵਿਚ ਫਹਾਂਵਦੀ ਹੈ।

ਏਸ ਸਾਰੇ ਵੇਰਵੇ ਥੀਂ ਇਹ ਗੱਲ ਨਿਤਰ ਆਂਵਦੀ ਹੈ ਜੇ ਇਨਕਲਾਬੀ ਅਮਲ ਇਕ ਬਹੂੰ ਵੱਡਾ ਤਾਲੀਮੀ ਅਮਲ ਹੈ ਜਿਹਦੇ ਵਿਚ ਲੋਕਾਈ ਨੇ ਸਦੀਆਂ ਤੋਂ ਦਿਤੀ ਜਾਵਣ ਵਾਲੀ ਤਾਲੀਮ ਨੂੰ ਰਦ ਕਰ ਕੇ ਸਦੀਆਂ ਦੀ ਬਣੀ ਆਪਣੀ ਜ਼ਿਹਨੀ ਬਣਤਰ ਨੂੰ ਤਜਣ ਵਾਲੀ ਇਕ ਨਵੀਂ ਬੰਦਾ-ਪਾਲ ਤਾਲੀਮ ਵਲ ਦਾ ਮੁੱਢ ਬੰਨ੍ਹਣਾ ਹੈ ਜਿਹੜੀ ਇਕ ਨਵੇਂ ਬੰਦੇ ਤੇ ਨਵੀਂ ਰਹਿਤਲ ਨੂੰ ਉਸਾਰੇ। ਇਕ ਅਜਿਹੀ ਰਹਿਤਲ ਜਿਹਦੇ ਵਿਚ ਬੰਦਾ ਆਜ਼ਾਦੀ ਤੋਂ ਨਾ ਡਰੇ । ਮੇਲੀ ਵਸੇਬ ਵਿਚ ਹਾਕਮ ਨੇ ਮੇਹਨਤੀ ਮੇਲ ਨੂੰ ਸਦਾ ਥੀਂ ਇਹ ਸਬਕ ਦਿੱਤਾ ਹੈ ਕਿ ਤੁਸੀਂ ਹਾਕਮੀ ਦੇ ਕਾਬਲ ਨਹੀਂ, ਹਾਕਮੀ ਨਿਰੇ ਅਸੀਂ ਕਰ ਸਕਦੇ ਹਾਂ ਯਾਨੀ ਆਜ਼ਾਦੀ ਦੇ ਕਾਬਲ ਸਿਰਫ਼ ਅਸੀਂ ਹਾਂ। ਇੰਜ ਹਾਕਮ ਮੇਲ ਨੇ ਲੋਕਾਈ ਨੂੰ ਆਪਣੀ ਈ ਆਜ਼ਾਦੀ ਦਾ ਡਰ ਪਾ ਦਿਤਾ ਏ ਤੇ ਲੋਕ ਇਹ ਸਮਝਦੇ ਹਨ ਕਿ ਉਹਨਾਂ ਦੇ ਆਜ਼ਾਦ ਹੋਵਣ ਨਾਲ ਯਾ ਰਾਜ ਦਾ ਮਾਲਕ ਬਣਨ ਨਾਲ ਖ਼ਬਰੇ ਕਿਆਮਤ ਆ ਜਾਵੇਗੀ। ਰੱਬ ਰਿੰਜ ਹੋ ਜਾਵੇਗਾ, ਯਾ ਖ਼ਬਰੇ ਕੀ ਹੋ ਜਾਵੇਗਾ, ਕੁਝ ਨਾ ਕੁਝ ਹੋ ਜ਼ਰੂਰ ਜਾਵੇਗਾ। ਜਦੋਂ ਅੰਗਰੇਜ਼ ਏਥੇ ਸਨ ਤੇ ਉਹ ਵੀ ਇਹੋ ਸਮਝਦੇ ਸਨ ਕਿ ਦੇਸੀ ਲੋਕ ਆਜ਼ਾਦੀ ਦੇ ਕਾਬਲ ਨਹੀਂ। ਹੁਣ ਸਾਮਰਾਜੀ ਵੀ ਇਹ ਸਮਝਦੇ ਹਨ ਕਿ ਤਰੀਜੇ-ਜਗ ਦੇ ਮੁਲਕ ਆਪ-ਮੁਹਾਰ ਥੀਵਣ ਦੇ ਕਾਬਲ ਨਹੀਂ। ਹਾਕਮ ਮੇਲ ਨੂੰ ਏਸੇ ਵਾਸਤੇ ਸਿਆਸਤ ਗਲੀਆਂ, ਬਾਜ਼ਾਰਾਂ ਵਿਚ ਆ ਵੰਞਣ ਨਾਲ ਬਹੂੰ ਪੀੜ ਹੋਂਵਦੀ ਹੋਂਦੀ ਹੈ। 1968 ਵਿਚ ਅਯੂਬ ਖਾਂ ਨੇ ਏਸ ਗੱਲ ਉਤੇ ਬੜੀ ਬਾਂ ਬਾਂ ਕੀਤੀ ਆਹੀ ਕਿ ਮੁਲਕ ਦੇ ਫ਼ੈਸਲੇ ਗਲੀਆਂ, ਬਾਜ਼ਾਰਾਂ ਵਿਚ ਹੋਵਣ ਲਗ ਪਏ ਨੇ। ਅਲੈਕਸ਼ਨ ਵਿਚ ਵੀ ਹਾਕਮ ਮੇਲ ਦੇ ਦੋ ਧੜੇ ਲੋਕਾਈ ਨੂੰ ਮੂਰਖ ਸਮਝਦਿਆਂ ਹੋਇਆਂ ਲੋਕਾਈ ਕੋਲ ਜਾਂਵਦੇ ਹਨ ਤੇ ਉਹਨਾਂ ਅਗੇ ਝੂਠ ਬੋਲਣ ਦਾ ਮੁਕਾਬਲਾ ਕਰੇਂਦੇ ਹਨ। ਪਰ ਲੋਕਾਈ ਨੂੰ ਉਹ ਰਾਜ ਸੰਭਾਲਣ ਦੇ ਨਾ ਕਾਬਲ ਸਮਝਦੇ ਹਨ ਤੇ ਨਾ ਹੱਕਦਾਰ । ਲੋਕਾਈ ਨੇ ਏਸ ਗੱਲ ਨੂੰ ਕਬੂਲ ਕਰ ਘਿਦਾ ਹੋਇਆ ਹੈ। ਜਦੋਂ ਇਕ ਆਮ ਬੰਦਾ ਇਹ ਕਹਿੰਦਾ ਏ, "ਜੀ ਇਹ ਕੌਮ ਤੇ ਡੰਡੇ ਨਾਲ ਈ ਸੁਧਰ ਸਕਦੀ ਹੈ," ਤਾਂ ਉਹ ਹਾਕਮਾਂ ਦੀ ਪੜ੍ਹਾਈ ਪੱਟੀ ਪੜ੍ਹ ਰਿਹਾ ਹੋਂਵਦਾ ਹੈ ਤੇ ਆਪਣੇ ਜਬਰ ਨਾਲ ਗਿਝੇ ਹੋਵਣ ਦੀ ਤੇ ਆਜ਼ਾਦੀ ਦੇ ਡਰ ਦੀ ਦਖਾਲੀ ਦੇ ਰਿਹਾ ਹੋਂਵਦਾ ਹੈ। ਯਾਨੀ ਇਹ ਕਹਿ ਰਿਹਾ ਹੋਂਦਾ ਹੈ ਕਿ ਲੋਕਾਈ ਦੇ ਆਜ਼ਾਦੀ ਘਿਨਣ ਨਾਲ ਚੌਧਾਰ ਤਬਾਹੀ ਫੈਲ ਜਾਵੇਗੀ।



ਅਸੀਂ ਜਿਹੜੀ ਨਵੀਂ ਰਹਿਤਲ ਉਸਾਰਨਾ ਚਾਹੁੰਦੇ ਹਾਂ ਉਹਦਾ ਧੁਰਾ ਬੰਦੇ ਦੀ ਬੰਦੇ ਨਾਲ ਨਫ਼ਰਤ ਤੇ ਵੈਰ ਨਹੀਂ, ਇਸ਼ਕ ਹੈ। ਇਸ਼ਕ ਆਜ਼ਾਦੀ ਹੈ, ਨਫ਼ਰਤ ਜਬਰ ਹੈ। ਇਸ਼ਕ ਹਯਾਤੀ ਹੈ, ਨਫ਼ਰਤ ਮੌਤ ਹੈ। ਇਸ਼ਕ ਘੋਲ ਹੈ, ਨਫ਼ਰਤ ਖਲੋਤ ਹੈ। ਕਿੰਨੀ ਪੀੜ ਵਾਲੀ ਗੱਲ ਏ ਕਿ ਚਾਲੂ ਰਹਿਤਲ ਵਿਚ ਜਿੰਨਾ ਬਹੁਤਾ ਕਿਸੇ ਬੰਦੇ ਦਾ ਹੁਕਮ ਚਲਦਾ ਹੈ ਉਨਾਂ ਈ ਉਹ ਵੱਡਾ ਤੇ ਇੱਜ਼ਤਦਾਰ ਜਾਣਿਆ ਜਾਂਦਾ ਹੈ। ਮਤਲਬ ਇਹ ਥੀਆ ਕਿ ਜਿੰਨੀ ਘਣੀ ਕੋਈ ਬੰਦਾ ਦੂਜੇ ਬੰਦਿਆਂ ਨਾਲ ਨਫ਼ਰਤ ਕਰੇਂਦਾ ਹੈ ਉਨਾ ਈ ਉਹ ਵੱਡਾ ਤੇ ਇੱਜ਼ਤਦਾਰ ਬੰਦਾ ਜਾਣਿਆ ਜਾਂਦਾ ਏ। ਮੇਹਨਤੀ ਮੇਲ ਦੀ ਹਾਕਮ ਮੇਲ ਨਾਲ ਲੜਾਈ ਏਸੇ ਗੱਲ ਤੋਂ ਹੈ। ਤੇ ਜਦੋਂ ਉਹ ਹਾਕਮ ਮੇਲ ਨਾਲ ਆਖ਼ਰੀ ਲੜਾਈ ਲੜਦਾ ਏ ਤੇ ਇਹ ਮਿਥ ਕੇ ਲੜਦਾ ਹੈ ਕਿ ਸਾਡੇ ਵਾਸਤੇ ਵੱਡਾ ਬੰਦਾ ਉਹ ਹੈ ਜਿੰਨੂ ਬੰਦਿਆਂ ਨਾਲ ਇਸ਼ਕ ਹੈ, ਜਿੰਨਾਂ ਉਹਨੂੰ ਇਸ਼ਕ ਹੋਸੀ ਉਨਾਂ ਈ ਓਹ ਵੱਡਾ ਥੀਸੀ। (ਜ਼ਾਹਿਰ ਏ ਏਸ ਇਸ਼ਕ ਦੀ ਦਖਾਲੀ ਬੰਦੇ ਦੇ ਅਮਲ ਵਿਚ ਈ ਥੀ ਸਕਦੀ ਏ) ਮੇਹਨਤੀ ਮੇਲ ਦਾ ਇਹ ਮਤਾ ਵਾਰਿਸ ਸ਼ਾਹ ਹੋਰਾਂ ਦੇ ਲਫ਼ਜ਼ਾਂ ਵਿਚ ਜਗ ਦਾ ਮੂਲ, ਜਗ ਦਾ ਅਮਲ ਪਛਾਣਨ ਦਾ ਘੋਲ ਏ। ਵਾਰਿਸ ਸ਼ਾਹ ਹੋਰੀਂ ਏਸ ਸਤਰ ਨਾਲ ਆਪਣੀ ਹੀਰ ਸ਼ੁਰੂ ਕਰੇਂਦੇ ਹਨ :

ਅਵੱਲ ਹਮਦ ਖ਼ੁਦਾਇਦਾ ਵਿਰਦ ਕੀਜੇ, ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।

ਏਥੋਂ ਸੂਹ ਲਗਦੀ ਏ ਕਿ ਇਨਕਲਾਬ ਦਾ ਸੌੜਾ ਜਿਹਾ ਤੇ ਮਾੜਕੂ ਜਿਹਾ ਖ਼ਿਆਲ ਘਿੰਨ ਕੇ ਟੁਰਨਾ, ਜਿਹੜਾ ਲੋਕਾਈ ਦੇ ਆਰਥਕ ਲਾਭ ਤਾਈਂ ਸੁੰਗੜਿਆ ਹੋਵੇ, ਗ਼ਲਤ ਹੈ। ਇਨਕਲਾਬ ਦੇ ਏਸ ਖ਼ਿਆਲ ਨੇ ਲੋਕਾਈ ਨੂੰ ਘਣੇ ਸਿਆਪੇ ਪਾਏ ਨੇ ਤੇ ਖ਼ਾਸ ਕਰ ਮੇਹਨਤੀ ਲਹਿਰ (ਪਰੋਲਤਾਰੀ ਤਹਿਰੀਕ) ਨੂੰ ਡਾਹਡੇ ਪੱਛ ਲਾਏ ਨੇ। ਸਿਰਫ਼ ਆਰਥਕ ਲਾਭ ਨੂੰ ਨਜ਼ਰ ਵਿਚ ਰਖਣਾ ਚਾਲੂ ਵਰਤਾਰੇ ਦਾ ਈ ਦਿੱਤਾ ਵਿਹਾਰ ਹੈ। ਇਨਕਲਾਬ ਨੂੰ ਇਨ੍ਹਾਂ ਮਾਹਿਨਿਆਂ ਤੀਕਰ ਕੁੰਜਣ ਵਾਲਾ ਕਦੀ ਆਪਣੇ ਆਪ ਨੂੰ ਮੇਲੀ ਵਸੇਬ ਦੀਆਂ ਬੀਮਾਰੀਆਂ ਥੀਂ ਬਾਹਰ ਨਹੀਂ ਕਢ ਸਕਦਾ। ਇਨਕਲਾਬ ਦੇ ਮਾਹਿਨੇ ਏਡੇ ਪੇਤਲੇ (ਸਤੱਈ) ਨਹੀਂ। ਏਦੋਂ ਘਣੇ ਵੱਡੇ ਤੇ ਗੂੜ੍ਹੇ ਹਨ। ਏਸ ਵਾਸਤੇ ਵਸੇਬ ਦੀ ਉੱਥਲ ਇਕ ਬਹੂੰ ਵੱਡਾ ਤੇ ਖਲਾਰ ਵਾਲਾ ਅਮਲ ਹੈ ਜਿਹਦੇ ਵਿਚ ਲੋਕਾਈ ਨੇ ਹਯਾਤੀ ਦੇ ਸਾਰੇ ਪੱਖਾਂ ਨੂੰ ਉਠਾਣਾ ਹੈ, ਪੂਰੇ ਵਸੇਬ ਦੀ ਹੇਠਲੀ ਉਪਰ ਕਰਨੀ ਹੈ। ਏਸ ਵਾਸਤੇ ਇਨਕਲਾਬ ਦੇ ਕਈ ਮੋਰਚੇ ਹਨ ਤੇ ਇਹਦੇ ਵਿਚ ਅਨਗਿਣਤ ਬੰਦਿਆਂ ਨੇ ਅਨਗਿਣਤ ਢੰਗਾਂ ਨਾਲ ਆਪਣਾ ਹਿੱਸਾ ਘਤਣਾ ਹੈ । ਮੁਕਦੀ ਇੰਜ ਆਖੋ ਪਈ ਅਸਾਂ ਗ਼ਰੀਬੀ ਦੇ ਮੁਕਾਵੇ ਨਾਲੋ ਨਾਲ, ਲੋਕਾਈ ਦੀ ਮੁਆਸ਼ੀ ਪੀਹ ਦੇ ਮੁਕਾਵੇ ਦੇ ਨਾਲੋ ਨਾਲ, ਗ਼ਰੀਬੀ ਦੀ ਰਹਿਤਲ ਯਾਨੀ ਉਹਨਾਂ ਖ਼ਿਆਲਾਂ ਦੇ ਖ਼ਿਲਾਫ਼ ਵੀ ਭਿੜਨਾ ਏ, ਜਿਹੜੇ ਜੋਕਾਂ ਵਾਂਗਣ ਲੋਕਾਈ ਦੇ ਜ਼ਹਿਨਾਂ ਨੂੰ ਚੰਬੜੇ ਹੋਏ ਹਨ ਅਤੇ ਉਹਨੂੰ ਗ਼ਰੀਬੀ ਦੀ ਕੈਦ ਵਿਚੋਂ ਨਿਕਲਣ ਨਹੀਂ ਦੇਂਦੇ। ਦੂਜੇ ਲਫ਼ਜ਼ਾਂ ਵਿਚ, ਅਸਾਂ ਨਵੀਂ ਮੁਆਸ਼ੀ ਸਾਂਗਿਆਂ ਦੇ ਨਾਲੋ ਨਾਲ ਨਵੇਂ ਖ਼ਿਆਲ, ਨਵੀਂ ਤਾਲੀਮ ਤੇ ਨਵੀਂ ਰਹਿਤਲ ਉਸਾਰਨੀ ਏ (ਜਿਹਦੇ ਬਾਝ ਨਵੇਂ ਮੁਆਸ਼ੀ ਸਾਂਗਿਆਂ ਦੀ ਉਸਾਰੀ ਵੀ ਨਹੀਂ ਥੀ ਸਕਦੀ) ਜਿਹਦਾ ਧੁਰਾ ਆਜ਼ਾਦੀ ਹੈ, ਬੰਦੇ ਦਾ ਬੰਦੇ ਨਾਲ ਵੈਰ ਤੇ ਖ਼ਾਰ ਨਹੀਂ, ਬੰਦੇ ਦੀ ਬੰਦੇ ਨਾਲ ਸਜਣਾਈ ਏ, ਇਸ਼ਕ ਏ। ਵਾਰਿਸ ਸ਼ਾਹ ਸਾਈਂ ਦੇ ਲਫ਼ਜ਼ਾਂ ਵਿਚ ਅਸਾਂ ਅਜਿਹੀ ਰਹਿਤਲ ਉਸਾਰਨੀ ਹੈ ਜਿਹਦੇ ਵਿਚ, "ਇਸ਼ਕ ਗੁਰੂ ਤੇ ਜਗ ਸਭ ਚੇਲੜਾ" ਹੋਵੇ।

ਏਥੇ ਸਾਨੂੰ ਇਹ ਗੱਲ ਨਹੀਂ ਵਿਸਰਨੀ ਚਾਹੀਦੀ ਭਈ ਜਦੋਂ ਅਸੀਂ ਇਕ ਨਵੇਂ ਵਸੇਬ, ਇਕ ਨਵੀਂ ਰਹਿਤਲ ਦੀ ਉਸਾਰੀ ਦਾ ਮਤਾ ਪਕਾਉਂਦੇ ਹਾਂ ਤਾਂ ਅਸੀਂ ਉਹਦੀ ਚਲਾਈ ਘੋਲ ਵਿਚ

ਪਹਿਲਾ ਪੈਰ ਧਰਦਿਆਂ ਈ ਸ਼ੁਰੂ ਕਰ ਦੇਂਦੇ ਹਾਂ । ਇਕ ਇਨਕਲਾਬੀ ਨੂੰ ਆਪਣੇ ਅੰਦਰ ਉਹ ਸਾਰੇ ਵਸੇਬ ਪੈਦਾ ਕਰਨ ਦਾ ਉਪਰਾਲਾ ਉਸੇ ਵੇਲੇ ਸ਼ੁਰੂ ਕਰਨਾ ਪਉਸੀ ਜਿਸ ਵੇਲੇ ਉਹਨੇ ਸਾਰੇ ਵਸਤ-ਪਾਲ ਵਸੇਬ ਦੀਆਂ ਨੀਹਾਂ ਪੁਟਣ ਦਾ ਸੋਚਿਆ ਹੈ । ਜੇ ਅਸਾਂ ਆਪਣੀ ਵਾਹ ਵਰਤਣ ਵਿਚ, ਆਪਣੇ ਮੇਲ ਮਿਲਾਪ ਵਿਚ, ਆਪਣੇ ਇਨਕਲਾਬੀ ਅਮਲ ਵਿਚ ਇਕ ਨਵੇਂ ਬੰਦੇ ਦਾ ਝਲਕਾਰਾ ਨਹੀਂ ਦੇ ਸਕਦੇ ਤਾਂ ਫੇਰ ਸਾਨੂੰ ਥੋੜੀ ਦੇਰ ਲਈ ਕਲਿਆਂ ਬਹਿ ਕੇ ਆਪਣੇ ਬਾਰੇ ਸੋਚਣਾ ਚਾਹੀਦਾ ਏ ਕਿ ਸਾਡੇ ਅੰਦਰ ਆਜ਼ਾਦੀ ਦਾ ਡਰ ਹੈ । ਅਸਾਂ ਅੱਖਾਂ ਬੰਦ ਕਰਕੇ (ਇਨਕਲਾਬੀ) ਵੱਡਿਆਂ ਦੀ ਮੁਥਾਜੀ ਕਬੂਲਣ ਨੂੰ ਫਿਰਦੇ ਹਾਂ ਤਾਂ ਮੁੜ ਅਸਾਂ ਆਜ਼ਾਦੀ ਦੇ ਡਰ ਵਿਚ ਹਾਂ ਤੇ ਸਾਨੂੰ ਆਜ਼ਾਦੀ ਦੀ ਸਿੱਕ ਨਹੀਂ । ਜੇ ਅਸਾਂ ਆਪਣੇ ਵਸੇਬ, ਆਪਣੀ ਲੋਕਾਈ ਤੋਂ ਅੱਖਾਂ ਬੰਦ ਕਰਕੇ ਮਾਰਕਸ ਯਾ ਮਾਉ ਨੂੰ ਪੜ੍ਹਦੇ ਹਾਂ ਤੇ ਉਹਨਾਂ ਦੀਆਂ ਵਰਤੀਆਂ ਨੂੰ ਅੰਨ੍ਹੇ-ਵਾਹ ਨਕਲ ਕਰਨ ਦਾ ਜਤਨ ਕਰੇਂਦੇ ਹਾਂ ਤਾਂ ਇਹਦਾ ਮਤਲਬ ਹੈ ਅਸਾਂ ਅਜੇ ਵੀ ਦਬੇਲ ਹਾਂ । ਤੇ ਚੇਤੇ ਰਹਿਵੇ ਦਬੇਲ ਨਿਰਾ ਹੁਕਮ ਦਾ ਗ਼ੁਲਾਮ ਈ ਨਹੀਂ ਹੋਂਦਾ, ਉਹਨੂੰ ਹੁਕਮ ਚਲਾਵਣ ਦੀ ਸਿੱਕ ਵੀ ਹੁੰਦੀ ਏ । ਆਜ਼ਾਦੀ ਤੋਂ ਨਾ ਡਰਨ ਵਾਲਾ ਬੰਦਾ, ਆਜ਼ਾਦੀ ਨਾਲ ਪਿਆਰ ਕਰਨ ਵਾਲਾ ਬੰਦਾ ਨਾ ਹੁਕਮ ਦਾ ਗ਼ੁਲਾਮ ਬੰਦਾ ਹੈ, ਨਾ ਅਗੇ ਹੁਕਮ ਚਲਾਂਵਦਾ ਹੈ ਕਿਉਂ ਜੇ ਉਹਨੂੰ ਡਾਹਡੀ ਸਾਰ ਏ ਕਿ ਇਹਨਾਂ ਦੋਨਾਂ ਸੂਰਤਾਂ ਵਿਚ ਬੰਦਾ ਤਰੱਕਣਾ ਸ਼ੁਰੂ ਹੋ ਜਾਂਵਦਾ ਏ ਤੇ ਉਹਦੇ ਅੰਦਰ ਸਿਰਜਨ ਦੀ ਵਿੱਤ ਮੁਕ ਵੈਂਦੀ ਹੈ ।

ਆਪਣੀ ਆਜ਼ਾਦੀ ਨਾਲ ਪਿਆਰ ਕਰਨ ਵਾਲਾ ਬੰਦਾ ਆਪਣੇ ਸੰਗੀਆਂ ਦੀ ਆਜ਼ਾਦੀ ਨਾਲ ਵੀ ਪਿਆਰ ਕਰੇਂਦਾ ਏ, ਉਹਨਾਂ ਨੂੰ ਦਬਾਂਦਾ ਨਹੀਂ ਤੇ ਉਹਨਾਂ ਦੀ ਗਾਲ੍ਹ ਨੂੰ ਖੁਲ੍ਹੇ ਦਿਲ ਨਾਲ ਸੁਣਦਾ ਹੈ । ਇਨਕਲਾਬੀ ਬੀੜਾਂ ਦੇ ਜੀਆਂ ਨੂੰ ਇਹ ਚੇਤੇ ਰਖਣਾ ਚਾਹੀਦਾ ਹੈ ਪਈ ਇਸ਼ਕ ਦੀ ਨੀਂਹ ਉਤੇ ਵਸੇਬ ਉਸਾਰਣ ਲਈ ਪਹਿਲਾਂ ਪਹਿਲਾਂ ਆਪੂੰ ਆਸ਼ਕ ਹੋਣਾ ਪੌਂਦਾ ਏ ਜਿਵੇਂ ਕਿ ਸ਼ਾਹ ਹੁਸੈਨ ਸਾਈਂ ਵੀ ਆਖ ਗਏ ਹਨ ਕਿ, "ਆਸ਼ਕ ਹੋਵੇ ਤਾਂ ਇਸ਼ਕ ਕਮਾਵੇ ।" ਜਾਂ ਜਿਵੇਂ ਮਾਰਕਸ ਸਾਈਂ ਆਖਿਆ ਹੈ ਜੇ, "ਦੂਜਿਆਂ ਨੂੰ ਆਜ਼ਾਦ ਕਰਾਵਣ ਲਈ ਆਪਣੇ ਆਪ ਨੂੰ ਆਜ਼ਾਦ ਕਰਵਾਣਾ ਜ਼ਰੂਰੀ ਹੈ ।" ਖੱਬਿਆਂ ਦੀਆਂ ਬੀੜਾਂ ਵਿਚ ਪਿਛੇ ਇਹਾ ਵਿਹਾਰ ਚਾਲੂ ਰਿਹਾ ਹੈ ਕਿ ਆਪਣੀ 'ਮੈਂ'' ਦਾ ਝੰਡਾ ਸਾਰੇ ਚੁਕੀ ਫਿਰਦੇ ਰਹੇ ਤੇ ਇਕ ਦੂਜੇ ਨੂੰ ਆਪਣੇ ਥੱਲੇ ਲਾਵਣ ਦੇ ਹੀਲੇ ਕਰਦੇ ਰਹੇ । ਉਹ ਇਕ ਦਬਾ ਥੀਂ ਆਜ਼ਾਦ ਵਸੇਬ ਦੀਆਂ ਗੱਲਾਂ ਕਰਦੇ ਰਹੇ ਪਰ ਆਪਣੇ ਕਰਮਾਂ ਵਿਚ ਉਹ ਚਾਲੂ ਦਬਾਉ-ਵਸੇਬ ਦਾ ਹਿੱਸਾ ਬਣੇ ਰਹੇ ਤੇ ਉਹਨਾਂ ਏਸ ਗੱਲ ਦੀ ਪਛਾਣ ਨਾ ਕੀਤੀ ਕਿ ਚਾਲੂ ਵਸੇਬ ਦੇ ਦਬਾਊ-ਵਿਹਾਰ ਵਿਚੋਂ ਆਪਣੇ ਆਪ ਨੂੰ ਕੱਢਣ ਦੇ ਹੀਲੇ ਬਿਨਾਂ ਚਾਲੂ ਵਸੇਬ ਨੂੰ ਨਹੀਂ ਢਾਹਿਆ ਵੰਞ ਸਕਦਾ । ਜੇ ਅਸਾਂ ਆਪਣੇ ਸਾਰੇ ਵਿਹਾਰਾਂ ਤੇ ਵਾਹ ਵਰਤਣ ਵਿਚ ਚਾਲੂ ਵਸੇਬ ਦੇ ਨਾਲ ਹਾਂ ਤਾਂ ਮੁੜ ਨਿਰੀਆਂ ਗੱਲਾਂ ਤੇ ਸਧਰਾਂ ਨਾਲ ਤਾਂ ਵਸੇਬ ਨਹੀਂ ਬਦਲਦਾ । ਫਿਰ ਅਸਾਂ ਮਾਰਕਸ ਮੱਤ ਦੀ ਮਿੱਟੀ ਪਲੀਤ ਕਰ ਰਹੇ ਹਾਂ । ਸਾਡਾ ਪਕ ਹੋਣਾ ਚਾਹੀਦਾ ਹੈ ਕਿ ਇਕ ਆਸ਼ਕ ਈ ਜ਼ੁਲਮ, ਨਫ਼ਰਤ ਤੇ ਕਰੋਧ ਵਾਲੇ ਵਸੇਬ ਨਾਲ ਭਿੜ ਸਕਦਾ ਹੈ । ਆਪਣੇ ਸੰਗੀਆਂ ਸਾਥੀਆਂ ਨਾਲ ਖਾਰ ਖਾਣ ਵਾਲਾ ਬੰਦਾ ਖਾਰ-ਪਾਲ ਵਸੇਬ ਨਾਲ ਕਿਵੇਂ ਭਿੜ ਸਕਦਾ ਏ ?

ਆਸ਼ਕ ਕਦੇ ਮਾਯੂਸ ਤੇ ਨਾਉਮੀਦ ਨਹੀਂ ਹੋਂਦਾ । ਅਸੀਂ ਜਿਸ ਰਹਿਤਲ ਨੂੰ ਉਸਾਰੂ ਹਾਂ, ਉਹ ਆਸ ਤੇ ਉਮੀਦ ਵਿਚ ਘਣੀ ਹੋਸੀ । ਗ਼ਰੀਬੀ ਦੀ ਰਹਿਤਲ ਲੋਕਾਈ ਨੂੰ ਨਾਉਮੀਦੀ ਦੇਂਵਦੀ ਹੈ, ਭਲਕ ਦਾ ਵਸਾਹ ਮੁਕਾਂਵਦੀ ਏ, ਏਸੇ ਵਾਸਤੇ ਲੋਕ ਪੁਰਾਣਿਆਂ ਵੇਲਿਆਂ ਨੂੰ ਯਾਦ ਕਰ ਕੇ



ਹੌਕੇ ਭਰੇਂਦੇ ਹਨ । ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਨਿਰੀ ਗ਼ਰੀਬੀ ਈ ਇਨਕਲਾਬ ਦਾ ਕਾਰਨ ਨਹੀਂ ਬਣਦੀ ਜਦ ਤਾਈਂ ਲੋਕਾਈ ਦੀ ਰੂਹ ਨਾ ਬਦਲੀ ਵੰਞੇ । ਸਾਡੇ ਦੇਸ ਦੀ ਤੇ ਹਿੰਦੁਸਤਾਨ ਦੀ ਤਵਾਰੀਖ਼ ਤੇ ਖ਼ਾਸ ਕਰ ਏਸ ਗਲ ਨੂੰ ਸਾਬਤ ਕਰੇਂਦੀ ਏ । ਸਦੀਆਂ ਦੇ ਦਬਾਅ ਹੇਠਾਂ ਲੋਕਾਈ ਨੂੰ ਇਹ ਪੱਕ ਨਹੀਂ ਥੀਂਦਾ ਕਿ ਉਹ ਏਸ ਦਬਾਅ ਤੇ ਜਬਰ ਦੇ ਘੇਰੇ ਨੂੰ ਤੋੜ ਕੇ ਆਜ਼ਾਦੀ ਦੀ ਜੂਹ ਵਿਚ ਵੜ ਸਕਦੇ ਨੇ । "ਅੱਗੇ ਇੰਞ ਕਦੇ ਨਹੀਂ ਹੋਇਆ" ਦੀ ਦਲੀਲ ਉਹ ਅਕਸਰ ਦੇਂਵਦੇ ਨੇਂ ਕਿਉਂਕਿ ਉਹਨਾਂ ਨੂੰ ਨਹੀਂ ਸਾਰ ਹੋਂਦੀ ਕਿ ਕਲੋਕ (ਬੀਤੇ) ਦੇ ਕਈ ਵਰ੍ਹੇ ਭਲੋਕ (ਭਵਿਖ) ਦੇ ਕੁਝ ਦਿਨਾਂ ਦੇ ਬਰਾਬਰ ਹੋਂਦੇ ਨੇ । ਮਤਲਬ ਜਿਹੜੀਆਂ ਬਦਲੀਆਂ ਕਲੋਕ ਵਿਚ ਕਈ ਸਦੀਆਂ ਵਿਚ ਹੋਈਆਂ, ਉਹੋ ਬਦਲੀਆਂ ਭਲੋਕ ਵਿਚ ਕੁਝ ਵਰ੍ਹਿਆਂ ਵਿਚ, ਸਗੋਂ ਕੁਝ ਦਿਨਾਂ ਵਿਚ ਥੀ ਸਕਸਣ । ਇਹੋ ਵਜ੍ਹਾ ਏ ਕਿ ਅਸਾਂ "ਤਵਾਰੀਖ਼ ਆਪਣੇ ਆਪ ਨੂੰ ਦੁਹਰਾਂਦੀ ਹੈ" ਨੂੰ ਹਾਕਮਾਂ ਦਾ ਦਿੱਤਾ ਕੂੜ ਜਾਣਦੇ ਹਾਂ । ਲੋਕਾਈ ਦੀ ਭਲੋਕ ਉਤੇ ਬੇਵਸਾਹੀ ਤੇ ਨਾਉਮੀਦੀ ਦਾ ਇਕ ਕਾਰਨ ਲੋਕਾਈ ਨੂੰ ਆਪਣੇ ਮੇਲ ਤੇ ਉਹਦੀ ਤਾਕਤ ਦਾ ਇਲਮ ਨਾ ਹੋਣਾ ਏ । ਪਰ, ਮੁਢਲਾ ਕਾਰਨ ਇਹ ਹੈ ਪਈ ਵਸਤ-ਪਾਲ ਵਸੇਬ ਜਿਵੇਂ ਜਿਵੇਂ ਵਸਤ ਤੇ ਪੈਸੇ ਦੀ ਸਿਕ ਵਧਾਂਦਾ ਏ, ਬੰਦਿਆਂ ਦੇ ਬੰਦਿਆਂ ਨਾਲ ਬੰਦਿਆਈ ਵਾਲੇ ਸਾਂਗੇ ਮੁਕਾਂਵਦਾ ਹੈ । ਬੰਦਿਆਂ ਵਿਚਾਲੇ ਇਕ ਦੂਜੇ ਉਤੇ ਬੇਇਤਬਾਰੀ ਤੇ ਵੈਰ ਵਧਾਂਦਾ ਹੈ ਤੇ ਉਹਨਾਂ ਨੂੰ ਕਲਿਆਂ ਕਲਿਆਂ ਕਰੇਂਦਾ ਹੈ, ਤਿਵੇਂ ਤਿਵੇਂ ਲੋਕਾਈ ਦੇ ਮਨਾਂ ਵਿਚੋਂ ਆਵਣ ਵਾਲੀ ਘੜੀ ਉਤੋਂ ਵਸਾਹ ਮੁਕਦਾ ਵੈਂਦਾ ਏ ਤੇ ਉਹ "ਕਿਆਮਤ" ਆਂਵਦੀ ਦੇਖਦੇ ਹਨ । ਉਹ ਨਵੇਂ ਪੂਰ ਨੂੰ ਗਾਲ੍ਹ ਮੰਦਾ ਕਰੇਂਦੇ ਹਨ ਤੇ ਉਹਨੂੰ ਸਾਰੀ ਖ਼ਰਾਬੀ ਦੀ ਜੜ੍ਹ ਜਾਣਦੇ ਹਨ ਹਾਲਾਂ ਅਸਲ ਮੁਜਰਮ ਤੇ ਹਾਕਮ ਮੇਲ ਹੈ ਜਿਹੜਾ ਦਿਨ-ਬ-ਦਿਨ ਵਸਤ ਤੇ ਪੈਸੇ ਦਾ ਮੋਹ ਵਧਾ ਰਿਹਾ ਹੈ ਤੇ ਬੰਦੇ ਨੂੰ ਪੈਸੇ ਦੀ ਗੁਲਾਮੀ ਵਿਚ ਕਸਦਾ ਜਾ ਰਿਹਾ ਹੈ । ਲੋਕਾਈ ਨੂੰ ਤੇ ਏਸ ਗਲ ਦੀ ਸਾਰ ਨਹੀਂ, ਉਹ ਬੰਦੇ ਤੇ ਬੰਦੇ ਵਿਚਾਲੇ ਸੱਲ ਦੀ ਜ਼ਿਮੇਂਦਾਰੀ ਨਵੀਂ ਪੀੜ੍ਹੀ 'ਤੇ ਪਾਂਵਦੇ ਹਨ ਤੇ ਸਮਝਦੇ ਨੇ ਕਿ ਨਵਾਂ ਪੂਰ ਹੈ ਈ ਭੈੜਾ । ਸੱਜੇ ਆਖਦੇ ਹਨ ਕਿ ਰਲ ਵਰਤੋਂ (ਸੋਸ਼ਲਿਸਟ-ਰਲਵਰਤਣ-ਸੋਸ਼ਲਿਜ਼ਮ) ਬੰਦੇ ਦੇ ਬੰਦੇ ਨਾਲ ਸਾਰੇ ਰਿਸ਼ਤੇ ਮੁਕਾ ਦੇਵਣਾ ਚਾਹੁੰਦੇ ਨੇ, ਹਾਲਾਂਕਿ ਕਿ ਚਾਲੂ ਵਸੇਬ ਵਿਚ ਪੈਸੇ ਦੀ ਗ਼ੁਲਾਮੀ ਨੇ ਬੰਦੇ ਨਾਲ ਬੰਦੇ ਦੇ ਰਿਸ਼ਤੇ ਤੇ ਅਗੇ ਈ ਮੁੱਕਾ ਛਡੇ ਦੇ ਨੇ ।

ਲੋਕਾਈ ਦੀ ਨਿਰਾਸ ਹਾਕਮ ਮੇਲ ਦੀ ਦਿਤੀ ਹੋਈ ਹੈ, ਕਿਉਂਜੇ ਹਾਕਮ ਮੇਲ ਬੰਦੇ ਨੂੰ ਬੰਦੇ ਦਾ ਜਮਾਂਦਰੂ ਵੈਰੀ ਜਾਣਦਾ ਏ ਤੇ ਸਮਝਦਾ ਏ ਕਿ ਬੰਦੇ ਨਾਲ ਬੰਦੇ ਦਾ ਵੈਰ ਬੰਦੇ ਦੀ ਫ਼ਿਤਰਤ ਏ । ਆਪਣੀ ਏਸ ਸੋਚ ਹੱਥੋਂ, ਆਪਣੇ ਲੋਭ ਹਥੋਂ ਸਾਰੇ ਹਾਕਮ ਤੇ ਸਾਮਰਾਜੀ ਧੜਾ ਧੜ ਬੰਦੇ-ਮਾਰ ਹਥਿਆਰ ਬਣਾ ਰਹੇ ਹਨ ਤੇ ਜੱਗ ਨੂੰ ਤਬਾਹੀ ਵਲ ਖੜ ਰਹੇ ਹਨ । ਇਹਨਾਂ ਹਾਲਤਾਂ ਵਿਚ ਹਾਕਮ ਮੇਲ ਨੂੰ ਬੰਦੇ ਦਾ ਭਲੋਕ ਜੇ ਹਨੇਰੇ-ਭਰਿਆ ਦਿਸਦਾ ਏ ਤਾਂ ਕੋਈ ਅਸਚਰਜ ਗਲ ਨਹੀਂ । ਹਕੀਕਤ ਇਹ ਹੈ ਕਿ ਹਾਕਮ ਮੇਲ ਵਿਚ ਚਾਲੂ ਵਰਤਾਰੇ ਨੂੰ ਬਦਲਣ ਦੀ ਨਾ ਸੱਧਰ ਏ ਤੇ ਨਾ ਉਹਦੇ ਵਿਚ ਇਹਨੂੰ ਬਦਲਣ ਦੀ ਸਕਤ ਏ । ਚਾਲੂ ਵਸੇਬ ਨੂੰ ਬਦਲਣ ਦੀ ਸਕਤ ਸਿਰਫ਼ ਮੇਹਨਤੀ ਮੇਲ ਕੋਲ ਏ, ਲੋਕਾਈ ਕੋਲ ਏ । ਏਸੇ ਵਾਸਤੇ ਅਸਾਂ ਆਖਦੇ ਹਾਂ ਕਿ ਮਾਰਕਸ ਮਤ ਮੇਹਨਤੀ ਮੇਲ ਦਾ, ਲੋਕਾਈ ਦਾ ਫ਼ਲਸਫ਼ਾ ਹੈ ਕਿਉਂਜੇ ਮਾਰਕਸ ਮਤ ਵਸੇਬ ਨੂੰ ਅਗੇ ਵਲ ਫਿਰਦਾ ਵੇਖਦਾ ਏ । ਮਾਰਕਸ ਮਤ ਨੂੰ ਲੋਕਾਈ ਤਾਈਂ ਅਪੜਾਉਣਾ ਵਸੇਬ ਦੇ ਬਦਲਣ ਦਾ ਜ਼ਾਮਨ ਏ, ਕਿਉਂਜੇ ਇਹ ਮਾਰਕਸ ਮਤ ਈ ਹੈ ਜਿਹੜਾ ਬੰਦੇ ਦੇ ਅੰਦਰ ਆਸ ਦਾ ਬੂਟਾ ਲਾ ਸਕਦਾ ਏ ।

ਪਰ ਮਾਰਕਸ ਮਤ ਲੋਕਾਈ ਤੀਕਰ ਅਪੜਾਉਣ ਲਈ ਲੋਕਾਈ ਦੀ ਜ਼ਬਾਨ ਤੇ ਲੋਕਾਈ ਦੀ ਸੋਚ ਦੀਆਂ ਰਮਜ਼ਾਂ ਜਾਣਨਾ ਜ਼ਰੂਰੀ ਹੈ। ਜੇ ਅਸਾਨੂੰ ਪੱਕ ਥੀ ਵੰਞੇ ਪਈ ਕੇਵਲ ਲੋਕਾਈ ਈ ਵਸੇਬ ਨੂੰ ਪਰਤਾ ਸਕਦੀ ਏ ਤਾਂ ਮੁੜ ਈ ਅਸਾਂ ਲੋਕਾਈ ਨੂੰ ਲੋਕਾਈ ਦੀ ਜ਼ਬਾਨ ਵਿਚ ਮਾਰਕਸ ਮਤ ਅਪੜਾ ਸਕਦੇ ਹਾਂ ਤੇ ਇਹ ਕੰਮ ਇਕ ਆਸ਼ਕ ਦਾ ਕੰਮ ਏ ਜਿਹੜਾ ਬਾਹੂ ਦੇ ਆਖਣ ਮੂਜਬ, "ਦਿਲ ਰਖੇ ਵਾਂਗ ਪਹਾੜਾਂ ਹੋ।" ਲੋਕਾਈ ਨੂੰ ਸਦੀਆਂ ਦੀ ਦਿਤੀ ਨਿਰਾਸ ਨਾਲ ਕੇਵਲ ਆਸ਼ਕ ਈ ਨਜਿਠ ਸਕਦਾ ਏ। ਇਹਨਾਂ ਸਾਰੀਆਂ ਗੱਲਾਂ ਦੀ ਸਮਝ ਵਾਸਤੇ ਇਲਮ ਲੋਕਾਈ ਦੀ ਮੁਢਲੀ ਲੋੜ ਹੈ। ਲੋਕ ਨਿਰਾਸੇ ਹੋਂਦੇ ਹਨ ਕਿਉਂਜੁ ਉਹਨਾਂ ਨੂੰ ਆਪਣੀਆਂ ਅਤੇ ਆਪਣੇ ਵਸੇਬ ਦੀਆਂ ਵੱਖੋ ਵੱਖ ਗਲਾਂ ਦੇ ਆਪੋ ਵਿਚ ਸਾਂਗੇ ਦਾ ਇਲਮ ਨਹੀਂ ਹੋਂਦਾ। ਹਾਕਮ ਮੇਲ ਏਸੇ ਵਾਸਤੇ ਲੋਕਾਈ ਨੂੰ ਇਲਮ ਥੀਂ ਉਚੇਚਾ ਵਾਂਝਿਆਂ ਰਖਦਾ ਏ। ਬੇ-ਇਲਮੀ ਗ਼ਰੀਬੀ ਦੀ ਰਹਿਤਲ ਦਾ ਵੱਡਾ ਅੰਗ ਏ, ਏਸ ਅੰਗ ਦਾ ਲੰਮਾ ਵੇਰਵਾ ਅਸਾਂ ਅਗੇ ਕਰੇਸਿਉਂ।

ਅਖ਼ੀਰ ਵਿਚ ਏਸ ਗਲ ਦਾ ਵੇਰਵਾ ਜ਼ਰੂਰੀ ਹੈ ਕਿ "ਗ਼ਰੀਬੀ ਦੀ ਰਹਿਤਲ" ਤੋਂ ਸਾਨੂੰ ਇਹ ਭੁਲੇਖਾ ਨਹੀਂ ਪੈਣਾ ਚਾਹੀਦਾ ਕਿ ਲੋਕਾਈ ਦਾ ਸਭ ਕੁਝ ਹੀਣਾ ਏ, ਜਿਵੇਂ ਕਿ ਹਾਕਮ ਮੇਲ ਪਰਚਾਰਦਾ ਹੈ। ਲੋਕਾਈ ਦੇ ਦੋ ਦੁਪੜ (ਜਦਲਯਾਤੀ) ਪੱਖ ਨੇ, ਇਕ ਕੋਹਝਾ ਤੇ ਦੂਜਾ ਸੁਹਣਾ। ਕੋਹਝਾ ਉਹ ਜਿਹੜਾ ਹਾਕਮਾਂ ਨੇ ਉਹਨਾਂ ਦੇ ਅੰਦਰ ਵੜਕੇ, ਉਹਨਾਂ ਦੇ ਅੰਦਰ ਥਾਂ ਬਣਾ ਕੇ ਉਸਾਰਿਆ ਹੈ ਤੇ ਜਿਹਨੂੰ ਅਸਾਂ "ਗ਼ਰੀਬੀ ਦੀ ਰਹਿਤਲ" ਆਖਿਆ ਹੈ, ਯਾ ਜਿਹਨੂੰ ਅਸਾਂ ਲੋਕਾਈ ਦੀ ਪਿਛੋਹਣੀ (ਪਿੱਛੇ ਖੜਨ ਵਾਲੀ, ਪਿਛਾਂਹ-ਖਿਚੂ) ਰਹਿਤਲ ਆਖ ਸਕਦੇ ਹਾਂ। ਲੋਕਾਈ ਦਾ ਸੁਹਣਾ ਪੱਖ ਲੋਕਾਈ ਦੀ ਉਹ ਰਹਿਤਲ ਏ ਜਿਹੜੀ ਉਹਨਾਂ ਜੱਗ ਦੇ ਸਿਰਜਨਹਾਰੇ ਹੋਵਣ ਦੀ ਹੈਸੀਅਤ ਵਿਚ ਉਸਾਰੀ ਏ, ਜਿਹੜੀ ਉਹਨਾਂ ਆਪਣੀ ਮੇਹਨਤ ਦੇ ਅਮਲ ਵਿਚ ਉਸਾਰੀ ਹੈ। ਇਹਨੂੰ ਅਸਾਂ ਲੋਕਾਈ ਦੀ ਅਗੋਹਣੀ (ਅਗੇ ਖੜਨ ਵਾਲੀ, ਤਰੱਕੀ ਪਸੰਦ) ਰਹਿਤਲ ਆਖ ਸਕਦੇ ਹਾਂ। ਇਹ ਰਹਿਤਲ ਲੋਕਾਈ ਨੇ ਵੇਹਲੜ ਹਾਕਮ ਮੇਲ ਨਾਲ ਭੇੜ ਵਿਚ, ਉਹਨਾਂ ਤੋਂ ਨਾਬਰੀ (ਬਗ਼ਾਵਤ) ਦੇ ਅਮਲ ਵਿਚ ਉਸਾਰੀ ਹੈ, ਏਸ ਵਾਸਤੇ ਇਹ ਲੋਕਾਈ ਦੀ ਪਛਾਣ ਤੇ ਲੋਕਾਈ ਦਾ ਮਾਣ ਹੈ। ਏਸ ਰਹਿਤਲ ਨਾਲ ਅਸਾਂ ਆਪਣੇ ਆਪ ਨੂੰ ਜੋੜਨਾ ਹੈ ਤੇ ਇਹਨੂੰ ਵਧਾਣਾ ਹੈ ਜਦੋਂ ਕਿ ਲੋਕਾਈ ਦੀ ਪਿਛੋਹਣੀ ਰਹਿਤਲ ਨਾਲੋਂ ਆਪਣੇ ਆਪ ਨੂੰ ਕਟੀਜਣਾ ਏ ਤੇ ਇਹਨੂੰ ਮੁਕਾਵਣਾ ਏ।

---

ਨੋਟ :—ਸਾਨੂੰ ਅਫ਼ਸੋਸ ਹੈ ਕਿ ਇਸ ਵਾਰ ਥਾਂ ਦੀ ਥੁੜ ਕਾਰਨ ਅਸੀਂ ਕੇ. ਦਾਮੋਦਰਨ ਦੇ "ਇਕ ਭਾਰਤੀ ਕਮਿਊਨਿਸਟ ਦੀਆਂ ਯਾਦਾਂ" ਦਾ ਅਗਲਾ ਹਿੱਸਾ ਨਹੀਂ ਛਾਪ ਸਕੇ। ਇਹ ਅਗਲੀ ਵਾਰ ਛਾਪਿਆ ਜਾਵੇਗਾ।



ਗੁਰਮੀਤ ਸਿੰਘ ਦੁੱਡੀਕੇ

## 'ਮਾਮੂਲੀ ਪਰ ਮਹੱਤਵਸ਼ਾਲੀ' ਬਾਰੇ ਕੁਝ ਚਰਚਾ

ਡਾ: ਹਰਿਭਜਨ ਸਿੰਘ ਨੇ ਕੌਮੀ ਏਕਤਾ (ਅਗਸਤ) ਵਿਚ 'ਲਹੂ ਦੀ ਲੋਅ' ਬਾਰੇ ਉਪਰਲੇ ਸਿਰਲੇਖ ਹੇਠ ਕਿਹਾ ਹੈ ਕਿ ਪੁਸਤਕ-ਚਰਚਾ ਪੰਜਾਬੀ ਵਿਦਵਤਾ ਦਾ ਖਾਸਾ ਨਹੀਂ, ਪਰ ਬਹੁਤ ਸਾਰੇ ਆਲੋਚਕਾਂ ਨੇ ਉਨ੍ਹਾਂ ਦੇ ਸੂਤਰੀਕਰਣ ਦੀ ਪਰਵਾਹ ਨਾ ਕਰਦਿਆਂ ਹੋਇਆਂ 'ਲਹੂ ਦੀ ਲੋਅ' ਨੂੰ ਚਰਚਾ ਦਾ ਵਿਸ਼ਾ ਬਣਾ ਧਰਿਆ। ਸਿੱਟੇ ਵਜੋਂ ਡਾ: ਸਾਹਿਬ ਨੂੰ ਵੀ ਇਸ ਚਰਚਾ ਦਾ ਅਣਚਾਹਿਆ-ਭਾਗੀ ਬਣਨਾ ਪਿਆ। ਡਾ: ਸਾਹਿਬ ਨੇ ਇਸ ਕਿਰਤ 'ਤੇ ਆਪਣੇ ਸੰਰਚਨਾਵਾਦੀ-ਰੂਪਵਾਦ ਦੇ ਮਾਪ-ਦੰਡ ਲਾਉਣਾ ਸ਼ਾਇਦ ਆਪਣੇ ਹਥਿਆਰਾਂ ਦੀ ਬੇ-ਹੁਰਮਤੀ ਸਮਝਦਿਆਂ ਹੋਇਆਂ ਆਪਣੀ ਮੌਲਕ ਤੇ ਨਵੇਕਲੀ ਸੰਰਚਨਾਵਾਦੀ-ਰੂਪਵਾਦੀ ਸ਼ੈਲੀ ਰਾਹੀਂ ਕੁਝ ਲਤੀਫ਼ ਕਿਸਮ ਦੇ ਵਿਅੰਗ ਕਸਣ ਤੱਕ ਹੀ ਇਕਤਫ਼ਾ ਕੀਤਾ ਹੈ। ਮੇਰੇ ਇਹ ਕੁਝ ਸ਼ਬਦ ਇਨ੍ਹਾਂ ਅਣਲੋੜੀਂਦੇ ਵਿਅੰਗਾਂ ਦਾ ਹੀਜ-ਪਿਆਜ ਉਘੇੜਨ ਦਾ ਨਿੱਕਾ ਜਿਹਾ ਉਪਰਾਲਾ ਹਨ।

ਫ਼ਾਰਸੀ ਦੇ ਅਖਾਣ ਅਨੁਸਾਰ "ਗਰ ਕਬੂਲ ਉਫ਼ਤਦ ਜ਼ ਹੇ ਇਜ਼ੋ ਸ਼ਰਫ਼" ਸੱਚ-ਮੁੱਚ ਡਾ: ਸਾਹਿਬ ਨੇ ਆਪ ਕਲਮ ਚੁਕ ਕੇ 'ਮਾਮੂਲੀ' ਨੂੰ 'ਮਹੱਤਵਸ਼ਾਲੀ' ਬਣਾ ਦਿੱਤਾ ਹੈ। ਕੰਵਲ ਬਾਰੇ ਲਿਖਦੇ ਹਨ : "ਕਮਿਊਨਿਸਟ ਹੋਣ ਕਰਕੇ ਉਹ ਲੋਕ-ਪੱਖੀ, ਲੋਕ-ਹਿਤੈਸ਼ੀ, ਲੋਕ-ਭਾਵੀ ਆਦਿ ਵਿਸ਼ੇਸ਼ਣਾਂ ਨਾਲ ਸਨਮਾਨਿਆ ਜਾਂਦਾ ਹੈ।" ਜ਼ਾਹਰ ਹੈ ਕਿ ਜੇ ਲੋਕ ਕਮਿਊਨਿਸਟਾਂ ਪ੍ਰਤੀ ਲੋਕ-ਪੱਖੀ, ਲੋਕ-ਹਿਤੈਸ਼ੀ ਹੋਣ ਬਾਰੇ ਸੋਚਦੇ ਹਨ ਤਾਂ ਠੀਕ ਹੀ ਸੋਚਦੇ ਹਨ। ਲੋਕਾਂ ਦੀ ਇਸ ਧਾਰਨਾ ਅਨੁਸਾਰ ਲੋਕਾਂ ਵਿਚ ਡਾ: ਸਾਹਿਬ ਦੀ ਥਾਂ ਕਿਥੇ ਬਣਦੀ ਹੈ, ਇਹ ਉਹ ਆਪ ਹੀ ਭਲੀ ਭਾਂਤ ਸੋਚ ਸਕਦੇ ਹਨ। ਕੰਵਲ ਦੀ ਕਿਰਤ ਦੀ ਸਾਹਿਤਕ ਕਦਰ-ਕੀਮਤ ਆਪਣੇ ਵਿਸ਼ੇਸ਼ ਸੰਰਚਨਾਵਾਦੀ-ਰੂਪਵਾਦੀ ਔਜ਼ਾਰਾਂ ਨਾਲ ਪਾਉਣ ਦੀ ਕੋਸ਼ਿਸ਼ ਕੀਤਿਆਂ ਬਿਨਾਂ ਹੀ ਉਨ੍ਹਾਂ ਨੇ ਇਸ ਉਤੇ 'ਉੱਚ ਪੱਧਰ ਦੀ ਨਹੀਂ' ਹੋਣ ਦਾ ਫ਼ਤਵਾ ਸਾਦਰ ਕਰ ਦਿੱਤਾ ਹੈ। ਮੈਨੂੰ ਯਾਦ ਹੈ, ਉਨ੍ਹਾਂ ਇਕੱਤੀ ਫਰਵਰੀ ਦੇ ਕਿਸੇ ਅੰਕ ਵਿਚ ਪ੍ਰੋ: ਮੋਹਨ ਸਿੰਘ ਦੀ ਕਵਿਤਾ 'ਤਾਜ ਮਹੱਲ' ਦੀ ਆਲੋਚਨਾ ਅਜਿਹੇ ਸੰਦਾਂ ਨਾਲ ਕਰਨ ਦਾ ਉਪਰਾਲਾ ਕੀਤਾ ਸੀ। ਸਾਰੇ ਜਾਣਦੇ ਹਨ ਕਿ ਉਨ੍ਹਾਂ ਦੇ ਇਸ ਯਤਨ ਨੂੰ ਭਾਵੇਂ ਪ੍ਰੋ: ਮੋਹਨ ਸਿੰਘ ਨੇ ਆਪ ਵੀ ਸਵੀਕਾਰ ਨਹੀਂ ਸੀ ਕੀਤਾ, ਪਰ ਇਸ ਨੂੰ ਇਕ 'ਸੁਹਿਰਦਤਾ ਪੂਰਨ' ਕੀਤਾ ਗਿਆ ਯਤਨ ਜ਼ਰੂਰ ਆਖਿਆ ਸੀ। ਸਾਹਿਤ-ਪ੍ਰਵਾਣਿਤ ਜਾਂ ਸਰਬ-ਪ੍ਰਵਾਣਿਤ ਨਾ ਹੋਣ 'ਤੇ ਵੀ ਹਰ ਆਲੋਚਕ ਨੂੰ ਆਪਣੀ ਵਿਸ਼ੇਸ਼ ਆਲੋਚਨਾ-ਵਿਧੀ ਦਾ ਪੂਰਾ ਲੋਕ-ਰਾਜੀ ਅਧਿਕਾਰ ਹੈ, ਅਤੇ ਇਸ ਬਾਰੇ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਉਨ੍ਹਾਂ ਦੇ ਇਸ 'ਮਾਮੂਲੀ ਪਰ ਮਹੱਤਵਸ਼ਾਲੀ' ਵਿਚ ਤਾਂ ਉਸ ਆਲੋਚਨਾ-ਵਿਧੀ ਦੇ ਨਾਲ ਨਾਲ ਸੁਹਿਰਦਤਾ ਵੀ ਮਫ਼ਕੂਦ ਹੈ।

ਅੱਗੇ ਚੱਲ ਕੇ ਉਹ ਰਕਮ-ਤਰਾਜ਼ ਹਨ : "ਪੇਸ਼ ਮਸਲੇ ਦੀ ਸਰਦਾਰੀ ਦੀ ਗੱਲ ਕਰਨ ਵਾਲੇ ਵਿਦਵਾਨ ਸਾਹਿਤਕਾਰੀ ਨੂੰ ਕੋਈ ਮਸਲਾ ਹੀ ਨਹੀਂ ਸਮਝਦੇ।" ਨਹੀਂ ਜਨਾਬ ! ਤੁਹਾਨੂੰ ਭੁਲੇਖਾ

ਪਿਆ ਹੈ। ਉਨ੍ਹਾਂ ਲਈ ਸਮਾਜਕ ਮਨੁਖੀ ਯਥਾਰਥ ਦੀ ਜਜ਼ਬੇ ਨੂੰ ਟੁੰਬਣ ਵਾਲੀ ਪੇਸ਼ਕਾਰੀ ਸਾਹਿਤਕਾਰੀ ਹੈ। ਹਾਂ ! ਤੁਸੀਂ ਕਹਿ ਸਕਦੇ ਸੀ ਕਿ ਕਿਸੇ ਕਿਰਤ ਦੀ ਸਾਹਿਤਕਤਾ ਉਨ੍ਹਾਂ ਲਈ ਕੋਈ ਮਸਲਾ ਨਹੀਂ। ਇਸ ਸਬੰਧ ਵਿਚ ਡਾਕਟਰ ਸਾਹਿਬ ਨੂੰ ਮੈਂ ਸਲਾਹ ਦੇਂਦਾ ਹਾਂ ਕਿ ਉਹ ''ਸਾਹਿਤ ਦੀ ਸਮਝ'' ਪੁਸਤਕ ਦਾ ਇਕ ਵਾਰ ਫਿਰ ਚੰਗੀ ਤਰ੍ਹਾਂ ਅਧਿਐਨ ਕਰ ਲੈਣ (ਇਸ ਪੁਸਤਕ ਦੇ ਲੇਖਕ ਉਹੀ ਸਜਣ ਹਨ ਜਿਹਨਾਂ ਨੂੰ ਡਾਕਟਰ ਸਾਹਿਬ ਨੇ 'ਮਸਲਾ-ਸਰਦਾਰ ਵਿਦਵਾਨ' ਕਹਿ ਕੇ ''ਸਨਮਾਨਿਆ'' ਹੈ।) ਤਾਕਿ ਉਹਨਾਂ ਨੂੰ ਅਗੋਂ ਤੋਂ ਬੇਥਵੀ ਮਾਰਣ ਅਤੇ ਬੇਥਵੀ ਮਾਰਣ ਕਰਕੇ ਮਿਲਦੀ ਨਮੋਸ਼ੀ ਦਾ ਭਾਰ ਨਾ ਚੁਕਣਾ ਪਵੇ।

ਇਹ ਅਜੀਬ ਸੰਜੋਗ (coincidence) ਹੈ ਕਿ ਡਾ: ਸਾਹਿਬ ਦੀ ਸੁਰ ਸੁਰਜੀਤ ਗਿੱਲ ਨਾਲ ਮਿਲ ਗਈ ਹੈ—ਪਰ ਸਤੰਬਰ ਦੇ ਸੇਧ ਵਿਚ ਤਾਂ ਸੁਰਜੀਤ ਗਿੱਲ ਜਿਵੇਂ ਚੁਪੇੜ ਲਈ ਖੜੋਤਾ ਨਜ਼ਰ ਆ ਰਿਹਾ ਹੋਵੇ। ਭਾਵੇਂ ਅੰਤਰ-ਆਤਮਾ ਉਨ੍ਹਾਂ ਨੂੰ ਸੁਰਜੀਤ ਗਿੱਲ ਦੇ ਨਕਸਲੀ ਲਹਿਰ ਤੇ ਮਾਰਕਸਵਾਦ ਪ੍ਰਤੀ ਉਠਾਏ ਗਏ ਸਾਰੇ ਸੁਹਿਰਦ ਨੁਕਤੇ ਇਕ ਟਿਚਕਰ ਹੀ ਜਾਪਦੇ ਹੋਣ, ਪਰ ਉਨ੍ਹਾਂ 'ਦੁਸ਼ਮਣ ਦਾ ਦੁਸ਼ਮਣ, ਦੋਸਤ' ਦੀ ਕਹਾਵਤ ਅਨੁਸਾਰ ਆਪਣਾ ਸਾਥੀ ਲੱਭ ਲਿਆ। ਸੁਰਜੀਤ ਗਿੱਲ ਪੂਰਨ ਰੂਪ ਸੁਹਿਰਦ ਹੁੰਦਿਆਂ ਹੋਇਆਂ ਵੀ ਆਪਣੇ ਮੁਲਾਂਕਣ ਵਿਚ ਉਲਾਰ ਹੈ। ਉਹ ਗਲਪ (ਇਕ ਕਾਲਪਨਿਕ ਕਿਰਤ) ਨੂੰ ਕਿਸੇ ਮਾਓਵਾਦੀ-ਮਾਰਕਸਵਾਦੀ ਸਿਧਾਂਤਕਾਰ ਦਾ ਕ੍ਰਿਟੀਕ ਜਾਂ ਨਕਸਲੀ ਲਹਿਰ ਦਾ ਮੈਨੀਫੈਸਟੋ ਸਮਝਣ ਦੀ ਉਕਾਈ ਕਰ ਗਿਆ ਹੈ। ਡਾ: ਸਾਹਿਬ ਦੇ ਕਥਨ ਦੇ ਐਨ ਉਲਟ ਉਸ ਨੇ ਨਾਵਲ ਨੂੰ ਕਿਧਰੇ ਵੀ ਇਕ ਗਲਪ-ਕਿਰਤ ਵਜੋਂ ਨਹੀਂ ਵਿਚਾਰਿਆ। ਡਾ: ਸਾਹਿਬ ਦੀ ਧਾਰਨਾ ਹੈ ਕਿ ''ਨਕਸਲਵਾਦੀਆਂ ਨੂੰ ਮਾਰਕਸਵਾਦੀਆਂ ਨਾਲ ਖਲਤ ਮਲਤ ਕਰਨ ਨਾਲ ਜਿਸ ਤਰ੍ਹਾਂ ਦਾ ਘਚੋਲਾ ਸਾਡੇ ਬੁੱਧ-ਵਿਵੇਕ ਵਿਚ ਵਾਪਰਿਆ ਹੈ, ਉਸ ਦਾ ਸੰਕੇਤ 'ਲਹੂ ਦੀ ਲੋਅ' ਵਿਚ ਮਿਲਦਾ ਹੈ। ਇਸੇ ਘਚੋਲੇ ਕਾਰਨ ਆਧੁਨਿਕ ਮਾਰਕਸਵਾਦੀ ਚੇਤਨਾ ਅਤੇ ਸਿਖ-ਚੇਤਨਾ ਇਕ ਦੂਜੇ ਵਿਚ ਖਲਤ ਮਲਤ ਹੋ ਰਹੇ ਹਨ, ਜਿਸ ਦਾ ਸਭ ਤੋਂ ਵੱਡਾ ਅਲਮਬਰਦਾਰ ਸਾਡਾ 'ਮਸਲਾ-ਸਰਦਾਰ' ਵਿਦਵਾਨ ਹੈ।'' ਨਹੀਂ ਸਾਹਿਬ ! ਨਹੀਂ !! ਗੱਲ ਇਉਂ ਨਹੀਂ। ਨਕਸਲੀ, ਮਾਰਕਸਵਾਦ ਲਈ ਲੜੇ—ਗਲਤ ਲੜੇ ਜਾਂ ਠੀਕ—ਉਹ ਮਨੁੱਖਵਾਦ ਲਈ ਲੜੇ। ਉਹ ਰਾਹੋਂ ਘੁੱਥੇ ਹੋ ਸਕਦੇ ਹਨ, ਉਨ੍ਹਾਂ ਦੇ ਜਾਇਜ਼ੇ ਤੇ ਨਤੀਜੇ ਗਲਤ ਹੋ ਸਕਦੇ ਹਨ ਪਰ ਉਨ੍ਹਾਂ ਦਾ ਇਕੋ ਇਕ ਮੁਖ ਲਖ਼ਸ਼ **ਮਨੁਖਤਾ ਨੂੰ ਆਜ਼ਾਦ ਕਰਾਉਣਾ ਸੀ। ਇਹੀ ਮੰਤਵ ਮਾਰਕਸਵਾਦ ਦਾ ਅੰਤਮ ਨਿਸ਼ਾਨਾ ਹੈ।** ਬਾਕੀ ਰਹੀ ਗੱਲ 'ਸਿਖ-ਚੇਤਨਾ ਤੇ ਆਧੁਨਿਕ ਮਾਰਕਸਵਾਦੀ ਚੇਤਨਾ ਦੇ ਖਲਤ ਮਲਤ ਕਰਨ' ਦੀ। ਇਥੇ ਮੈਂ ਇਨ੍ਹਾਂ ਹੀ ਅਰਜ਼ ਕਰ ਦੇਣਾ ਕਾਫੀ ਸਮਝਦਾ ਹਾਂ ਕਿ ਪ੍ਰੋ: ਕਿਸ਼ਨ ਸਿੰਘ ਨੇ ਅਧਿਆਤਮਕ ਪੱਧਰ 'ਤੇ ਅਵਿਗਿਆਨਕ ਮੁਹਾਵਰੇ (ਨਾਮ, ਹੁਕਮ ਆਦਿ) ਵਿਚ ਗੁਰੂਆਂ ਦੇ ਆਪਣੇ ਸਮੇਂ ਦੇ ਸੱਚ ਦੀ ਵਰਣਿਤ ਵਸਤੂ ਨੂੰ ਸਾਹਿਤਕ ਪੱਧਰ 'ਤੇ, ਅਜੋਕੇ ਵਿਗਿਆਨਕ ਮੁਹਾਵਰੇ ਵਿਚ ਉਲਥਾ ਕੇ, ਡੀਕੋਡ ਕਰਕੇ ਸਿੱਖ ਲਹਿਰ ਨੂੰ ਪੰਜਾਬ ਦੇ ਕੰਮੀਆਂ, ਕਿਸਾਨਾਂ ਤੇ ਕਾਰੀਗਰਾਂ ਦੀ ਲਹਿਰ ਸਿੱਧ ਕੀਤਾ ਹੈ। ਉਨ੍ਹਾਂ ਗੁਰਬਾਣੀ ਦੀ ਸਮਾਜਕ ਵਸਤੂ ਨੂੰ ਲਭਿਆ, ਇਸ ਨੂੰ ਮਨੁਖਵਾਦੀ ਕਹਿ ਕੇ, ਪੰਜਾਬ ਦੀ ਕੰਮੀ, ਕਾਰੀਗਰ, ਕਿਰਤੀ ਕਿਰਸਾਣੀ ਦੀ ਵਿਚਾਰਧਾਰਾ ਕਰਾ ਕੇ ਦੇਕੇ (ਤੱਥਾਂ ਸਹਿਤ) ਸਿਖ-ਧਰਮ ਪ੍ਰਤੀ ਜੁੜੇ ਜਜ਼ਬੇ ਨੂੰ ਸਿਖ-ਫਿਰਕੂਆਂ ਤੇ ਪਿਛਾਖੜ ਦੇ ਲਾਭ-ਹਿੱਤ ਵਰਤੇ ਜਾਣ ਤੋਂ ਸਾਨੂੰ ਸੁਚੇਤ ਕਰਕੇ, ਇਸ ਨੂੰ ਲੋਕ-ਲੜ ਲਾਉਣ ਦਾ ਮਹਾਨ, ਸ਼ਲਾਘਾਯੋਗ ਤੇ ਆਦਰਨੀਯ ਕੰਮ ਕੀਤਾ ਹੈ। ਉਨ੍ਹਾਂ ਦੇ ਇਸ ਉਪਰਾਲੇ ਨੂੰ ਡਾ: ਸਾਹਿਬ ਇਨ੍ਹਾਂ ਸ਼ਬਦਾਂ ਨਾਲ ਨਿਵਾਜਦੇ ਹਨ : ''ਸਭ ਤੋਂ ਵਧੇਰੇ



ਅਫਸੋਸਨਾਕ ਹਾਲਤ ਉਨ੍ਹਾਂ ਵਿਦਵਾਨ ਪਾਠਕਾਂ ਦੀ ਹੈ ਜੋ ਨਾ ਸਿਰਫ਼ ਆਪ ਸੁਚੇਤ ਹੋਣ ਦਾ ਦਾਅਵਾ ਕਰਦੇ ਹਨ ਸਗੋਂ ਦੂਜਿਆਂ ਨੂੰ ਵੀ ਸਿੱਖ ਮੱਤ ਦੇਣ ਦੇ ਉੱਦਮ ਵਿਚ ਰੁਝੇ ਹੋਏ ਹਨ...'' ਜ਼ਾਹਰ ਹੈ ਕਿ ਡਾ. ਸਾਹਿਬ ਗੁਰਬਾਣੀ ਤੇ ਸਿੱਖ-ਲਹਿਰ ਦੇ ਲੋਕ-ਪੱਖੀ ਮੁਹਾਂਦਰੇ ਨੂੰ ਉਜਾਗਰ ਕਰਕੇ ਲੋਕ-ਲਹਿਰ ਦੇ ਲੜ ਲਾਉਣ ਨੂੰ 'ਸਿੱਖ-ਮੱਤ' ਦੇਣਾ ਸਮਝਦੇ ਹਨ, ਭਾਵੇਂ ਅਸੂਲੀ ਤੌਰ 'ਤੇ ਉਨ੍ਹਾਂ ਨੂੰ ਕਿਸੇ ਦੇ ਸਿਖ-ਮੱਤ ਦੇਣ ਦਾ ਵਿਰੋਧ ਨਹੀਂ ਕਰਨਾ ਚਾਹੀਦਾ, ਸਗੋਂ ਅਜਿਹੀ ਕੋਸ਼ਿਸ਼ ਨੂੰ ਜੀਉ-ਆਇਆਂ ਕਹਿਣਾ ਚਾਹੀਦਾ ਹੈ।

ਪ੍ਰੋ: ਕਿਸ਼ਨ ਸਿੰਘ ਦੀ 'ਲਹੂ ਦੀ ਲੋਅ' ਦੀ ਆਲੋਚਨਾ ਵਿਚੋਂ ਇਕ ਟੂਕ ਦਿੰਦਿਆਂ ਉਹ ਲਿਖਦੇ ਹਨ : ''ਪ੍ਰਗਟ ਹੈ ਭਾਸ਼ਾ-ਭਾਵਕ ਨਾਵਲਿਸਟ ਨੂੰ ਇਕ ਭਾਸ਼ਾ-ਭਾਵਕ ਆਲੋਚਕ ਮਿਲ ਗਿਆ ਹੈ। ਭਾਵੇਂ ਪਾਠਕਾਂ ਨੂੰ ਪ੍ਰੋ: ਕਿਸ਼ਨ ਸਿੰਘ ਪ੍ਰਤੀ ਗੂੜ੍ਹ ਸਿਧਾਂਤਕ ਤੇ ਰੁੱਖੇ ਹੋਣ ਦਾ ਗਿਲਾ ਚਿਰਾਕਾ ਚਲਿਆ ਆ ਰਿਹਾ ਹੈ, ਪਰ ਇਸ ਟੂਕ ਵਿਚ ਤਾਂ ਉਹ ਕੇਵਲ ਭਾਸ਼ਾ-ਭਾਵਕ ਨਾ ਰਹਿ ਕੇ ਨਾਸਤਕ ਹੁੰਦਿਆਂ ਹੋਇਆਂ 'ਰੱਬ' ਸ਼ਬਦ ਵੀ ਵਰਤ ਗਏ ਹਨ—'ਰੱਬ ਨੂੰ ਮਨਜ਼ੂਰ ਹੋਇਆ ਤਾਂ ਹੁਣ ਵੀ ਮਰਦ ਸਾਬਤ ਹੋਵਾਂਗੇ'।'' ਕਿਸੇ ਗੱਲ ਨੂੰ ਬਾਰ ਬਾਰ ਦੁਹਰਾਉਣ, ਭਾਵਕ ਪੱਧਰ 'ਤੇ ਪ੍ਰਗਟਾਉਣ ਦਾ ਅਰਥ ਉਸ ਧਾਰਨਾ ਪ੍ਰਤੀ ਲਿਖਾਰੀ ਦੀ ਦ੍ਰਿੜ੍ਹਤਾ, ਉਸ ਦੇ ਸਿਦਕ ਤੇ ਸਿਰੜ ਦਾ ਹੁੰਦਾ ਹੈ। ਨਾਵਲ ਵਿਚ ਆਏ ਪਾਤਰਾਂ ਦੀ ਭਾਸ਼ਾ-ਭਾਵਕਤਾ ਉਨ੍ਹਾਂ ਦੀ ਕਮਜ਼ੋਰੀ ਨਹੀਂ, ਵਡਿਆਈ ਹੈ, ਜੋ ਉਨ੍ਹਾਂ ਦੇ ਆਪਣੇ ਆਦਰਸ਼ ਪ੍ਰਤੀ ਦ੍ਰਿੜ੍ਹਤਾ ਤੇ ਸਿਰੜ ਦੀ ਲਖਾਇਕ ਹੈ।

ਡਾ: ਸਾਹਿਬ ਦੀ ਅਗਲੀ ਧਾਰਨਾ ਹੈ ਕਿ ਕੰਵਲ ਦਾ ਆਪਣੇ ਨਾਵਲ ਦੇ ਵਿਸ਼ਾ-ਵਸਤੂ ਨਾਲ ਅੱਤ ਦਾ ਨੇੜ ਸੀ ਤੇ ਉਸ ਦੇ ਪੱਖੀ-ਆਲੋਚਕਾਂ ਦਾ ਕੰਵਲ ਨਾਲ ਅੱਤ ਦਾ ਨੇੜ ਹੈ, ਇਸ ਲਈ ''ਦ੍ਰਿਸ਼ ਵਿਚ ਸ਼ਾਮਲ ਬੰਦੇ ਨੂੰ ਦ੍ਰਿਸ਼ ਦਿਖਾਈ ਹੀ ਨਹੀਂ ਦਿੰਦਾ, ਇਹੋ ਹਾਲ 'ਲਹੂ ਦੀ ਲੋਅ' ਤੇ ਉਸ ਦਾ ਪੱਖ ਪੂਰਦੀ ਆਲੋਚਨਾ ਦਾ ਹੈ।'' ਕੰਵਲ ਨੂੰ ਬਹੁਤੀ ਨੇੜਤਾ ਕਾਰਨ ਦ੍ਰਿਸ਼ ਧੁੰਧਲਾ ਦਿਖਾਈ ਦਿੱਤਾ ਤੇ 'ਲਹੂ ਦੀ ਲੋਅ' ਦੇ ਆਲੋਚਕਾਂ ਦੀਆਂ (ਡਾ: ਸਾਹਿਬ ਤੋਂ ਛੁੱਟ) ਮਨੁਖਵਾਦ ਦੇ ਆਦਰਸ਼ ਪ੍ਰਤੀ ਨੇੜਤਾ ਕਾਰਨ ਅੱਖਾਂ ਹੀ ਚੁੰਧਿਆ ਗਈਆਂ ਤੇ ਉਹ ਵੀ 'ਸੱਚ ਨਾ ਚਿੱਤਰ ਸਕੇ।' ਸੱਚ ਚਿਤਰਨਾ ਕੇਵਲ ਡਾ: ਸਾਹਿਬ ਦੇ ਹਿੱਸੇ ਹੀ ਆਇਆ। ਤੇ ਕੋਈ ਵੀ ਪਾਠਕ ਉਨ੍ਹਾਂ ਦੇ ਲੇਖ ਨੂੰ ਪੜ੍ਹ ਕੇ ਸਹਿਜੇ ਹੀ ਅੰਦਾਜ਼ਾ ਲਾ ਸਕਦਾ ਹੈ ਕਿ ਸੱਚ ਦੇ ਇਸ ਮਹਾਨ ਚਤੇਰੇ ਨੇ ਨਾਵਲ ਨੂੰ ਪੜ੍ਹਨ ਤੱਕ ਦੀ ਵੀ ਖੇਚਲ ਕੀਤੀ ਨਹੀਂ ਜਾਪਦੀ। ਡਾ: ਸਾਹਿਬ ਵਿਅੰਗ ਕਸਦੇ ਹਨ : ''ਜੇ ਕਿਸੇ ਆਲੋਚਕ ਨੇ 'ਲਹੂ ਦੀ ਲੋਅ' ਨੂੰ ਨਾਵਲ ਮੰਨਣ ਤੋਂ ਇਨਕਾਰ ਕੀਤਾ ਤਾਂ ਇਸ ਨਾਲ ਇਸ ਰਚਨਾ ਦੇ ਮੂਲ-ਮਹੱਤਵ ਵਿਚ ਕੋਈ ਫਰਕ ਨਹੀਂ ਪਿਆ।'' ਨਿਰਸੰਦੇਹ ! ਜੇ ਕਿਸੇ ਬੁਲਾਰੇ ਨੇ ਕਦੀ ਆਖਿਆ ਕਿ 'ਇਹ ਰਚਨਾ ਨਾਵਲ ਨਹੀਂ' ਤਾਂ ਕਿਸੇ ਆਲੋਚਕ ਨੇ ਇਸ ਦਾ ਬਹੁਤਾ ਤਾਂ ਕੀ, ਥੋੜ੍ਹਾ ਨੋਟਿਸ ਵੀ ਨਹੀਂ ਲਿਆ (ਦੇਖੋ ਸੇਧ ਜੁਲਾਈ—ਮਾਨਸਾ ਸਮਾਗਮ ਦੀ ਰੀਪੋਰਟ) ਸ਼ਾਇਦ ਇਸ ਲਈ ਕਿ ਅਜਿਹਾ ਸਿਧਾਂਤੀਕਰਣ ਪ੍ਰਸਤੁਤ ਕਰਨ ਵਾਲਾ ਬੁਲਾਰਾ ਡਾ: ਸਾਹਿਬ ਨਿਰਧਾਰਤ ਰੂਪ-ਸੰਬੰਧੀ ਧਾਰਨਾਵਾਂ ਜਾਂ 'ਨਾਵਲ ਪ੍ਰਤੀ ਪਰੰਪਰਾ-ਪਰਵਾਨ ਕੀਮਤਾਂ ਤੇ ਸਾਹਿਤ-ਅਭਿਆਸ' ਤੋਂ ਓਨਾ ਗਿਆਤਾ ਨਹੀਂ ਸੀ ਜਿੰਨਾ ਕਿ ਉਹ ਆਸ ਰਖਦੇ ਸਨ !!

ਪਾਠਕ-ਜਨ ਡਾ: ਸਾਹਿਬ ਤੋਂ ਆਸ ਰਖਦੇ ਹਨ ਕਿ ਉਹ ਆਪਣੀਆਂ ਸਾਹਿਤਕ-ਰੂਪ ਸੰਬੰਧੀ ਧਾਰਨਾਵਾਂ ਤੇ ਨਾਵਲ ਪ੍ਰਤੀ ਪਰੰਪਰਾ-ਪਰਵਾਨ ਕੀਮਤਾਂ ਤੇ ਸਾਹਿਤ-ਅਭਿਆਸ 'ਤੇ ਆਪ ਰੌਸ਼ਨੀ ਪਾਉਣਾ ਦੀ ਖੇਚਲ ਕਰਨ ਤੇ ਇਸ ਦ੍ਰਿਸ਼ਟੀ ਤੋਂ 'ਲਹੂ ਦੀ ਲੋਅ' ਦਾ ਮੁਲਾਂਕਣ ਕਰਨ ਤਾਕਿ

ਸਾਧਾਰਨ ਪਾਠਕ-ਸਮੂਹ ਨੂੰ ਵੀ ਇਨ੍ਹਾਂ ਦਾ ਗਿਆਨ ਹੋ ਸਕੇ । ਪਰ ਡਾ: ਸਾਹਿਬ ਤਾਂ ਇਸ ਕਿਰਤ ਨੂੰ ਲਿਖਣਯੋਗ ਲਿਖਤ ਵੀ ਨਹੀਂ ਮੰਨਦੇ, ਕਿਉਂਕਿ ਇਹ ਪ੍ਰਗਤੀਵਾਦੀ ਹੈ ਅਤੇ ਸਾਡੇ 'ਪ੍ਰਗਤੀਵਾਦੀ ਅਖਵਾਉਣ ਵਾਲੇ ਸਾਹਿਤ ਦੀ ਤ੍ਰਾਸਦੀ ਇਹ ਹੈ ਕਿ ਉਹ ਪ੍ਰਗਤੀ ਨੂੰ ਪ੍ਰਵਾਨ ਦੇ ਗਾਡੀ-ਰਾਹ ਤੋਰਦੀ ਹੈ ।' ਜ਼ਾਹਿਰ ਹੈ ਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਸਾਹਿਤ ਵਿਚਲੇ ਸਾਹਿਤ ਦੇ ਰੂਪ ਨੂੰ ਤਾਂ ਪਰੰਪਰਾ-ਪਰਵਾਨ ਹੋਣਾ ਚਾਹੀਦਾ ਹੈ ਪਰ ਵਸਤੂ ਨੂੰ ਆਪਣੀ ਪਰੰਪਰਾ ਤੋਂ ਨਾਤਾ ਤੋੜ ਲੈਣਾ ਚਾਹੀਦਾ ਹੈ। ਪੰਜਾਬ ਦੇ ਕਿਸੇ ਲੇਖਕ ਰਾਜਸੀ ਨਾਇਕ ਨੂੰ ਸਿੱਖ-ਇਤਿਹਾਸ, ਸਿਖੀ, ਗੁਰੂਆਂ, ਸਿੱਖਾਂ ਦੀਆਂ ਸ਼ਹੀਦੀਆਂ ਤੋਂ ਪ੍ਰੇਰਨਾ ਲੈਣ ਦੀ ਥਾਂ ਆਪਣੇ ਪਰੰਪਾਰਕ ਵਿਸ਼ਵਾਸਾਂ ਨੂੰ ਬਦਲਣਾ ਤੇ 'ਹਰ ਨਵੇਂ ਦੇਵਤੇ ਨੂੰ ਪੁਰਾਣੀ ਦੇਵ ਮਾਲਾ ਦਾ ਅੰਗ' ਨਹੀਂ ਬਣਾਉਣਾ ਚਾਹੀਦਾ ।

ਕੰਵਲ ਬਾਰੇ ਉਹ ਫਰਮਾਉਂਦੇ ਹਨ : "ਅਸੀਂ ਆਪਣੀ ਸੁਸਿਖਿਆ ਦੀ ਘਾਟ ਭਾਸ਼ਾ-ਭਾਵਕਤਾ ਰਾਹੀਂ ਪੂਰੀ ਕਰਦੇ ਹਾਂ ਅਤੇ ਜਸਵੰਤ ਸਿੰਘ ਕੰਵਲ ਦੀ ਸ਼ਕਤੀ ਉਸ ਦੀ ਭਾਸ਼ਾ-ਭਾਵਕਤਾ ਹੀ ਹੈ ।" ਮੈਂ ਡਾ: ਸਾਹਿਬ ਤੋਂ ਸਨਿਮਰ ਪੁਛਣਾ ਚਾਹਾਂਗਾ ਕਿ ਗੁਰੂ ਗੋਬਿੰਦ ਸਿੰਘ ਦਾ ਵਾਕ "ਜਬੀ ਬਾਣ ਲਾਗੈ ਤਬੀ ਰੋਸ ਜਾਗੈ", ਜਾਂ ਫਿਰ "ਚਿਹ ਸ਼ੁਦ ਗਰ ਸ਼ੁਗਾਲੇ ਬਮਕਰੋ ਰਿਆ । ਹਮੀ ਕੁਸ਼ਤ ਦੋ ਬਚੱਹਾਏ ਸ਼ੇਰ ਰਾ । (ਜ਼ਫ਼ਰਨਾਮਾ) ਨੂੰ ਉਹ ਭਾਸ਼ਾ-ਭਾਵਕਤਾ ਕਹਿਣਗੇ ਜਾਂ ਕੁਝ ਹੋਰ ? ਸ਼ਬਦ 'ਸੁਸਿਖਿਆ' ਉਨ੍ਹਾਂ ਕਟੂ-ਵਿਅੰਗਆਤਮਕ ਰੰਗ ਵਿਚ 'ਅਵਿਦਿਆ' ਜਾਂ 'ਅਲਪ-ਵਿਦਿਆ' ਲਈ ਵਰਤਿਆ ਹੈ, ਇਹ ਉਨ੍ਹਾਂ ਦੀ ਸ਼ੈਲੀ ਦੀ ਵਿਵਹਾਰ-ਕੁਸ਼ਲਤਾ (sophistication) ਹੈ ਜਿਸ ਦੀ ਮੈਂ ਦਾਦ ਦਿੱਤਿਆਂ ਬਿਨਾਂ ਨਹੀਂ ਰਹਿ ਸਕਦਾ । ਪਰ ਕੀ ਉਹ ਟੈਗੋਰ, ਸ਼ੇਕਸਪੀਅਰ ਤੇ ਹੋਰ ਅਜਿਹੇ ਅਨੇਕਾਂ ਵਿਦਵਾਨਾਂ ਨੂੰ ਇਸ ਪੱਖੋਂ ਖਿਮਾਂ ਕਰ ਸਕਣਗੇ ? ਸਭ ਜਾਣਦੇ ਹਨ ਕਿ ਜੇ ਕੰਵਲ ਡਾ: ਸਾਹਿਬ ਦੀ ਤਰ੍ਹਾਂ ਡਾਕਟ੍ਰੇਟ-ਪ੍ਰਾਪਤ ਕਰਤਾ ਨਹੀਂ ਤਾਂ ਸੁਸਿਖਿਅਤ ਜ਼ਰੂਰ ਹੈ । ਅਤੇ ਕਿਤੇ ਵਧ ਸੁਹਿਰਦ ਤੇ ਸਭਿਆ ਜੀਵ ।

---

●ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮਸਿਆਵਾਂ

ਪੰਜਾਬ ਵਿਚ ਆਟਾ ਪੰਜਾਬੀ ਦਾ ਚਲਣਾ ਹੈ ਜਾਂ ਸੰਸਕ੍ਰਿਤਾਈ ਹਿੰਦੀ ਦਾ ? ਪੰਜਾਬੀ ਜ਼ਬਾਨ ਦਾ ਵਿਗਾੜ ਕਦੋਂ ਤੇ ਕਿਉਂ ਸ਼ੁਰੂ ਹੋਇਆ ? ਪੰਜਾਬੀ ਲਈ ਨਵੀਂ ਸ਼ਬਦਾਵਲੀ ਕਿਥੋਂ ਆਵੇ ? ਪਾਠ ਪੁਸਤਕਾਂ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਵੇ ? ਪੰਜਾਬ ਵਿਚ ਤਾਲੀਮ ਦਾ ਮਾਧਿਅਮ ਕੀ ਹੋਵੇ ? ਅੰਗਰੇਜ਼ੀ ਦਾ ਰੋਲ ਕੀ ਹੈ ?...ਇਹਨਾਂ ਅਤੇ ਅਜਿਹੇ ਸੁਆਲਾਂ ਦੇ ਜੁਆਬਾਂ ਲਈ ਇਹ ਪੁਸਤਕ ਪੜ੍ਹੋ । ਸਫ਼ੇ 208, ਸੁਹਣੀ ਦਿੱਖ, ਪੱਕੀ ਜਿਲਦ, ਮੁਲ : ਦਸ ਰੁਪੈ ।

●

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।



ਹਿੰਮਤ ਸਿੰਘ ਸੋਢੀ

## "ਆਗੇ ਆਗੇ ਦੇਖੀਏ...!"

ਜਿਥੇ ਕਿਤੇ ਡਿਕਟੇਟਰਸ਼ਿਪ ਹੋਂਦ ਵਿਚ ਆਈ ਹੈ, ਪਹਿਲਾਂ ਮੈਕਾਰਥੀ ਵਰਗੇ ਅਮਰੀਕੀ ਪੈਦਾ ਹੁੰਦੇ ਰਹੇ ਹਨ । ਜਰਮਨੀ ਵਿਚ ਨਾਜ਼ੀਆਂ ਦੇ ਸੱਤਾਧਾਰੀ ਹੋਣ ਤੋਂ ਪਹਿਲਾਂ ਦਾਂਤੇ ਜਿਹੇ ਕੈਥੋਲਿਕ ਲੇਖਕਾਂ ਤੋਂ ਲੈ ਕੇ ਮਾਰਕਸ ਜਿਹੇ ਇਨਕਲਾਬੀਆਂ ਤੱਕ ਦੀਆਂ ਰਚਨਾਵਾਂ ਬਰਲਨ ਦੇ ਚੌਰਾਹਿਆਂ ਵਿਚ ਸ਼ਰ੍ਹੇਆਮ ਫੂਕੀਆਂ ਗਈਆਂ ਸਨ । ਮੈਕਾਰਥੀ ਦਾ ਪਰਛਾਵਾਂ ਭਾਰਤ ਉਤੇ ਵੀ ਪੈਣ ਲਗਾ ਹੈ ।

ਸਾਡੇ ਏਥੇ ਪੰਜਾਬ ਵਿਚ ਢਾਈ ਸਾਲ ਪਹਿਲਾਂ ਇਕ ਨਿੱਕਾ ਜਿਹਾ ਡਰਾਮਾ ਇਹਨਾਂ ਲੀਹਾਂ ਉਤੇ ਹੀ ਖੇਡਿਆ ਗਿਆ ਸੀ, ਜਦ ਕੁਝ ਇਕ ਸੰਪਰਦਾਇਕ-ਰੂੜ੍ਹੀਵਾਦੀ ਤੱਤਾਂ ਨੇ ਡਾ: ਫੌਜਾ ਸਿੰਘ ਦੇ ਉਸ ਲੇਖ ਬਾਰੇ ਵਾਵੇਲਾ ਸ਼ੁਰੂ ਕੀਤਾ ਜੋ ਕੇਵਲ ਉਹਨਾਂ ਕੁਝ ਤੱਥਾਂ ਉਤੇ ਆਧਾਰਤ ਸੀ ਜੋ ਸਾਡੀਆਂ ਹੀ ਯੂਨੀਵਰਸਿਟੀਆਂ ਵਿਚ ਪਈਆਂ ਹੋਈਆਂ ਇਤਿਹਾਸ-ਪੁਸਤਕਾਂ ਵਿਕ ਆਮ ਮਿਲਦੇ ਹਨ । ਪਰ ਉਸ ਸਮੇਂ ਤਾਂ ਇਹਨਾਂ ਲੋਕਾਂ ਨੂੰ ਵਧੇਰੇ ਕੌੜ ਇਸ ਗੱਲ ਦੀ ਸੀ ਕਿ 'ਸਾਡੀਆਂ' ਹੀ ਯੂਨੀਵਰਸਿਟੀਆਂ ਦੀਆਂ ਪੱਤਰਕਾਵਾਂ ਵਿਚ ਸਾਡੇ ਹੀ ਮੁਲਾਜ਼ਮ, ਸਾਡੇ ਹੀ ਗੁਰੂਆਂ ਬਾਰੇ ਤੇ ਫੇਰ 'ਸਾਡੀ ਹੀ ਭਾਸ਼ਾ' ਵਿਚ ਅਜਿਹੀਆਂ ਗੱਲਾਂ ਲਿਖਣ ਵਾਲੇ ਕੌਣ ਹੋਣ ? ਇਸ ਵਧੀਕੀ ਦੇ ਵਿਰੁਧ ਕੁਝ ਦਿਨਾਂ ਬਾਅਦ ਅੰਮ੍ਰਿਤਸਰ ਦੇ ਇਕ ਹਾਲ ਵਿਚ ਪ੍ਰੋਟੈਸਟ ਮੀਟਿੰਗ ਹੋਈ ਤਾਂ ਮਰਯਾਦਾ ਦੇ ਮੈਕਾਰਥੀਆਂ ਨੇ ਸ਼ਸਤਰ-ਧਾਰੀ ਨਿਹੰਗਾਂ ਨੂੰ ਨਾਲ ਲਿਆ ਕੇ ਤਾਕਤ ਦਾ ਵੀ ਮੁਜ਼ਾਹਰਾ ਕੀਤਾ ।

ਇਸ ਸਾਲ ਜਿਨ੍ਹਾਂ ਦੇ ਹੱਥ ਕੇਂਦਰੀ ਸੱਤਾ ਆਈ ਹੈ ਉਹਨਾਂ ਵਿਚ ਮੈਕਾਰਥੀ ਦੇ ਭਾਰਤੀ ਭਰਾ ਵੀ ਹਨ । ਉਹਨਾਂ ਮੁੜ ਉਹੀ ਡਰਾਮਾ ਹੁਣ ਵਡੇਰੀ ਕਾਸਟ ਨਾਲ ਸ਼ੁਰੂ ਕੀਤਾ ਹੈ ਜਿਸ ਦੀ ਇਕ ਝਾਕੀ ਢਾਈ ਸਾਲ ਪਹਿਲਾਂ ਦੇਖਣ ਨੂੰ ਮਿਲੀ ਸੀ । ਇਸ ਡਰਾਮੇ ਦੀ ਥੀਮ ਇਹ ਹੈ ਕਿ ਇਤਿਹਾਸ ਤੇ ਰਾਜਨੀਤੀ ਸ਼ਾਸਤਰ ਦੀਆਂ ਕੁਝ ਪੁਸਤਕਾਂ ਜੋ ਦੇਸ਼ ਦੇ ਕੇਂਦਰੀ ਸਕੂਲਾਂ (Central Schools) ਦੇ ਕੋਰਸਾਂ ਵਿਚ ਸ਼ਾਮਲ ਸਨ ਉਹ ਅਜਿਹੇ ਲੇਖਕਾਂ ਦਵਾਰਾ ਲਿਖੀਆਂ ਗਈਆਂ ਹਨ ਜੋ ਇਤਿਹਾਸ ਅਤੇ ਰਾਜਨੀਤੀ-ਵਿਗਿਆਨ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਨ ਨਾਲ ਦੇਖਦੇ ਹਨ । ਕਿਹਾ ਜਾਂਦਾ ਹੈ ਕਿ ਇਸ ਡਰਾਮੇ ਦੇ ਸੂਤਰਧਾਰ ਸ਼੍ਰੀ ਨਾਨਾ ਜੀ ਦੇਸ਼ਮੁਖ ਦੇ ਮਨ ਵਿਚ ਤਾਂ ਇਹ ਹੈ ਕਿ ਇਤਿਹਾਸ ਅਤੇ ਰਾਜਨੀਤੀ ਵਿਗਿਆਨ ਨੂੰ ਕੇਵਲ ਉਹਨਾਂ ਦੇ ਹੀ ਦ੍ਰਿਸ਼ਟੀਕੋਨ ਨਾਲ ਦੇਖਿਆ ਜਾਣਾ ਚਾਹੀਦਾ ਹੈ, ਅਥਵਾ ਕੋਈ ਹੋਰ ਦ੍ਰਿਸ਼ਟੀਕੋਨ ਦੇਸ਼ ਦੇ ਯੁਵਕਾਂ ਲਈ ਘਾਤਕ ਸਿਧ ਹੋਵੇਗਾ । ਪਰ ਲਿੱਪਾ-ਪੋਚੀ ਲਈ ਉਹਨਾਂ ਨੇ ਇਹਨਾਂ ਪੁਸਤਕਾਂ ਵਿਚ ਉਦਾਹਰਨ ਵੀ ਪ੍ਰਸੰਗ ਨਾਲੋਂ ਤੋੜ ਕੇ "ਦਲੀਲਾਂ" ਦੇ ਤੌਰ 'ਤੇ ਪੇਸ਼ ਕੀਤੇ ਹਨ । ਸੁਣਿਆ ਇਹ ਵੀ ਗਿਆ ਹੈ ਕਿ ਪ੍ਰਧਾਨ-ਮੰਤਰੀ ਦੇ ਕਾਰਯਾਲੇ ਨੇ ਇਹ "ਦਲੀਲਾਂ" ਸੁਣ ਕੇ ਹਰੀ-ਝੰਡੀ ਦਿਖਾਈ ਜਿਸ ਦੇ ਨਤੀਜੇ ਦੇ ਤੌਰ 'ਤੇ ਕੇਂਦਰ ਦੇ ਵਿਦਿਆ ਮੰਤਰਾਲੇ ਨੇ ਹੇਠ ਲਿਖੀਆਂ ਚਾਰ ਪੁਸਤਕਾਂ ਕੋਰਸਾਂ ਵਿਚੋਂ ਕਢਵਾ ਦਿਤੀਆਂ ਹਨ :

1. ਡਾ: ਰੋਮਿਲਾ ਥਾਪੜ : Medieval India (ਮਧ ਕਾਲੀਨ ਭਾਰਤ), NCERT ਪ੍ਰਕਾਸ਼ਨ।

2. ਬਿਪਨ ਚੰਦਰ : Modern India (ਆਧੁਨਿਕ ਭਾਰਤ), NCERT ਪ੍ਰਕਾਸ਼ਨ।

3. ਅਮਲੀਸ ਤ੍ਰੀਪਾਠੀ, ਬਾਰੁਨ ਡੇ, ਬਿਪਨ ਚੰਦਰ : Freedom Struggle ('ਸੁਤੰਤਰਤਾ-ਸੰਗਰਾਮ'), ਨੈਸ਼ਨਲ ਬੁਕ ਟਰੱਸਟ ਪ੍ਰਕਾਸ਼ਨ।

4. ਰੋਮਿਲਾ ਥਾਪੜ, ਹਰਬੰਸ ਮੁਖੀਆ, ਬਿਪਨ ਚੰਦਰ : Communalism & Writing of Indian History (ਸੰਪਰਦਾਇਕਤਾ ਅਤੇ ਭਾਰਤੀ ਇਤਿਹਾਸ ਦਾ ਲੇਖਣ-ਕਾਰਜ) ਪੀਪਲਜ਼ ਪਬਲਿਸ਼ਿੰਗ ਹਾਊਸ ਪ੍ਰਕਾਸ਼ਨ।

ਇਹਨਾਂ ਵਿਚ ਪਹਿਲੀਆਂ ਤਿੰਨ ਪੁਸਤਕਾਂ ਦਾ ਪ੍ਰਕਾਸ਼ਨ ਸਰਕਾਰੀ ਸੰਸਥਾਵਾਂ National Council of Education & Research Training (NCERT) ਅਤੇ 'ਨੈਸ਼ਨਲ ਬੁਕ ਟ੍ਰਸਟ' ਵਲੋਂ, ਵਿਸ਼ੇ ਦੇ ਮਾਹਰਾਂ ਦੇ ਸੰਪਾਦਕੀ ਬੋਰਡਾਂ ਦੀ ਨਿਗਰਾਨੀ ਹੇਠ ਹੋਇਆ ਜਿਨ੍ਹਾਂ ਵਿਚ ਮੁਹੰਮਦ ਹਬੀਬ, ਡਾ: ਤਾਰਾ ਚੰਦ, ਐਸ. ਗੋਪਾਲ ਅਤੇ ਸਤੀਸ਼ ਚੰਦਰ ਜਿਹੇ ਉਘੇ ਨਾਮ ਹਨ। ਇਹਨਾਂ ਪੁਸਤਕਾਂ ਬਾਰੇ ਏਤਰਾਜ਼ ਉਠਾਉਣ ਵਾਲਿਆਂ ਨੇ ਆਮ ਤੌਰ 'ਤੇ ਪ੍ਰਸੰਗ ਵਿਚੋਂ ਕੁਝ ਟੂਕਾਂ ਵਖਰੀਆਂ ਕਢ ਕੇ ਉਹਨਾਂ ਉਤੇ ਕਿੰਤੂ ਕੀਤਾ ਅਤੇ ਲੇਖਕਾਂ ਦੇ ਪੱਖ ਨੂੰ ਭੰਡਿਆ ਹੈ।

ਉਦਾਹਰਣ ਦੇ ਤੌਰ 'ਤੇ Medieval India ਦੀ ਇਸ ਟੂਕ ਉਤੇ ਕਿੰਤੂ ਹੈ ਜਿਥੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਬਾਰੇ ਇਹ ਕਿਹਾ ਗਿਆ ਹੈ ਕਿ "ਸਿਖਾਂ ਦੀ ਤਾਕਤ ਵਧ ਰਹੀ ਸੀ ਅਤੇ ਇਸ ਤਾਕਤ ਨੂੰ ਕੁਚਲਣ ਲਈ ਮੁਗਲ ਪ੍ਰਬੰਧਕਾਂ ਨੇ 1675 ਵਿਚ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਹੁਕਮ ਜਾਰੀ ਕੀਤਾ।" (ਪੰਨਾ 157)

ਇਸ ਗੱਲ ਉਤੇ ਕਿੰਤੂ ਇਹ ਕੀਤਾ ਗਿਆ ਹੈ ਕਿ ਇਸ ਦੀ ਬਜਾਏ ਇਹ ਕਿਉਂ ਨਹੀਂ ਕਿਹਾ ਗਿਆ ਕਿ ਔਰੰਗਜ਼ੇਬ ਨੇ ਧਰਮ ਦੀ ਬਿਨਾ ਉਤੇ ਇਹ ਸ਼ਹਾਦਤ ਕਰਵਾਈ ਸੀ। ਕਿੰਤੂਕਾਰਾਂ ਅਨੁਸਾਰ ਜੇ ਇਹ ਸ਼ਹੀਦੀ ਧਰਮ ਦੇ ਵਿਤਕਰੇ ਕਰਕੇ ਹੋਈ ਤਾਂ ਸਵਾਲ ਉਠਦਾ ਹੈ ਕਿ ਗੁਰੂ ਹਰਿ ਰਾਏ ਦੇ ਲੜਕੇ ਰਾਮ ਰਾਏ ਨੂੰ ਔਰੰਗਜ਼ੇਬ ਨੇ ਤੰਗ ਕਰਨ ਦੀ ਥਾਂ ਡੇਰਾਦੂਨ ਦੀ ਜਾਗੀਰ ਨਾਲ ਕਿਉਂ ਨਿਵਾਜਿਆ, ਕਿਉਂਕਿ ਰਾਮ ਰਾਏ ਵੀ ਤਾਂ ਆਪਣੇ ਆਪ ਨੂੰ ਸਿੱਖਾਂ ਦਾ ਅਸਲੀ ਗੁਰੂ ਹੀ ਸਮਝਦਾ ਸੀ? ਏਸੇ ਪੁਸਤਕ ਦੇ ਪੰਨਾ 151-52 ਉਤੇ ਸਿੱਖ ਲਹਿਰ ਦਾ ਇਕ ਰਾਜਨੀਤਕ ਤਾਕਤ ਦੇ ਤੌਰ 'ਤੇ ਉਭਾਰ ਬਿਆਨ ਕੀਤਾ ਗਿਆ ਹੈ ਜਿਸ ਦੇ ਪਰੀਨਾਮ-ਰੂਪ ਹੀ ਇਸ ਸ਼ਹੀਦੀ ਦਾ ਬਿਆਨ ਪੰਨਾ 157 ਉਤੇ ਹੈ। ਇਸ ਤਰ੍ਹਾਂ ਸੰਪਰਦਾਇਕ ਤੱਤ ਉਸੇ ਲਕੀਰ ਨੂੰ ਪਿਟਣ ਉਤੇ ਜ਼ੋਰ ਦੇਂਦੇ ਹਨ ਜੋ ਵਖ ਵਖ ਧਰਮਾਂ ਤੇ ਫਿਰਕਿਆਂ ਦੇ ਲੋਕਾਂ ਨੂੰ ਵੰਡਦੀ ਅਤੇ ਉਹਨਾਂ ਵਿਚ ਫਿਰਕੂ ਜ਼ਹਿਰ ਭਰਦੀ ਹੈ।

ਪੁਰਾਤਨ-ਪੰਥੀ ਕਿੰਤੂਕਾਰਾਂ ਦਾ ਇਕ ਹੋਰ ਏਤਰਾਜ਼ ਇਹ ਹੈ ਕਿ 'Medieval India' (ਮਧਕਾਲੀਨ ਭਾਰਤ) ਵਿਚ ਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਦੀ ਪ੍ਰਸ਼ੰਸਾ "ਅਤੀਤ ਗੌਰਵ" (glorification of our Past) ਵਾਲੇ ਢੰਗ ਨਾਲ ਕਿਉਂ ਨਹੀਂ ਕੀਤੀ ਗਈ ਅਤੇ ਇਹ ਕਿਉਂ ਕਿਹਾ ਗਿਆ ਹੈ ਕਿ "ਅਕਬਰ ਸਾਰੇ ਭਾਰਤ ਨੂੰ ਇਕ ਸਮਝਦਾ ਸੀ ਅਤੇ ਸਾਰੇ ਭਾਰਤ ਉਤੇ ਹੀ ਕਬਜ਼ਾ ਕਰਨਾ ਚਾਹੁੰਦਾ ਸੀ।" (ਪੰਨਾ 122) ਪ੍ਰਤੱਖ ਹੈ ਕਿ ਏਤਰਾਜ਼ ਕਰਨ ਵਾਲੇ ਸਮਝਦੇ ਹਨ ਕਿ ਸਾਰੇ ਭਾਰਤ ਨੂੰ ਇਕ ਸਮਝਣ ਅਤੇ ਇਕ ਕਰਨ ਦਾ ਠੇਕਾ ਕੇਵਲ ਉਹਨਾਂ ਨੇ ਹੀ ਲਿਆ ਹੈ ਅਤੇ ਕੋਈ ਮੁਗਲ ਬਾਦਸ਼ਾਹ, ਆਪਣੇ ਹਿੱਤ ਲਈ ਵੀ, ਅਜਿਹਾ ਨਹੀਂ ਸੀ ਸਮਝ ਸਕਦਾ ਜਾਂ ਕਰ ਸਕਦਾ।

ਉਹਨਾਂ ਨੂੰ ਇਸ ਗੱਲ ਉਤੇ ਵੀ ਏਤਰਾਜ਼ ਹੈ ਕਿ ਪੁਸਤਕ ਵਿਚ ਇਹ ਕਿਉਂ ਕਿਹਾ ਗਿਆ



ਹੈ ਕਿ "ਸ਼ਿਵਾ ਜੀ ਦੀ ਸਫ਼ਲਤਾ ਦੇ ਕਾਰਨ ਇਹ ਸਨ ਕਿ ਮੁਗਲਾਂ ਦਾ ਦਖਣ ਉਤੇ ਪੂਰਾ ਕੰਟਰੋਲ ਨਹੀਂ ਸੀ ਅਤੇ ਮਰਾਠਿਆਂ ਦਾ ਮਾਲ-ਪ੍ਰਬੰਧ ਵੀ ਮੁਗਲਾਂ ਨਾਲੋਂ ਚੰਗੇਰਾ ਸੀ।" ਇਸ ਸਫ਼ਲਤਾ ਦਾ ਕਾਰਨ 'ਗੁਰੀਲਾ ਯੁਧ' (ਪੰਨਾ 148) ਅਤੇ ਸ਼ਕਤੀਸ਼ਾਲੀ ਮਰਾਠਾ ਰਾਜ ਸਥਾਪਤ ਕਰਨ ਵਿਚ ਸ਼ਿਵਾ ਜੀ ਦਾ ਰੋਲ (ਪੰਨਾ 149) ਹੀ ਕਿਉਂ ਦੱਸੇ ਗਏ ਹਨ ਅਤੇ ਸ਼ਿਵਾ ਜੀ ਦੀ ਇਸ ਵਿਸ਼ੇਸ਼ਤਾ ਦੀ ਪ੍ਰਸੰਸਾ ਕਿਉਂ ਨਹੀਂ ਕੀਤੀ ਗਈ ਕਿ ਕਿਵੇਂ ਉਸ ਨੇ ਆਪਣੇ ਵਿਰੋਧੀ ਕੱਟੜਪੰਥੀ ਨਾਲ ਮੱਥਾ ਲਾਇਆ ਅਤੇ 'ਧਰਮ-ਯੁਧ' ਲੜਿਆ।[1]

'Modern India' (ਆਧੁਨਿਕ ਭਾਰਤ) ਵਿਚ ਲੇਖਕ ਨੇ 'ਖਾੜਕੂ ਰਾਸ਼ਟਰਵਾਦ' (Militant Nationalism) ਦਾ ਇਤਿਹਾਸ ਦੱਸਦੇ ਹੋਏ ਸਾਰੇ ਪੱਖਾਂ ਤੋਂ ਇਸ ਦਾ ਮੁਲਾਂਕਨ ਕੀਤਾ ਹੈ। ਉਸ ਦਾ ਇਹ ਪੱਖ ਵੀ ਸਾਹਮਣੇ ਆਇਆ ਹੈ ਕਿ ਕਿਵੇਂ ਰਾਸ਼ਟਰੀ ਇਨਕਲਾਬੀ ਇਕ ਪਾਸੇ ਆਇਰਲੈਂਡ, ਰੂਸ ਤੇ ਇਟਲੀ ਦੀਆਂ ਕੌਮੀ ਤੇ ਇਨਕਲਾਬੀ ਲਹਿਰਾਂ ਤੋਂ ਪ੍ਰਭਾਵਤ ਹੋਏ ਸਨ ਅਤੇ ਦੂਜੇ ਪਾਸੇ 'ਕਾਲੀ' ਤੇ 'ਭਵਾਨੀ' ਦੇ ਮੱਤ (cult) ਵਿਚ ਵੀ ਵਿਸ਼ਵਾਸ ਕਰਦੇ ਅਤੇ ਗੰਗਾ-ਅਸ਼ਨਾਨ ਕਰਕੇ 'ਭਾਰਤ-ਮਾਤਾ' ਦੀ ਸਹੁੰ ਖਾ ਕੇ ਆਪਣੇ ਕੰਮ ਵਿਚ ਜੁਟਦੇ ਸਨ, ਜਿਸ ਦੇ ਕਾਰਨ ਕੁਝ ਮੁਸਲਮਾਨ ਕੌਮ-ਪ੍ਰਸਤ ਉਹਨਾਂ ਤੋਂ ਦੂਰ ਹੁੰਦੇ ਗਏ...ਪਰ ਫੇਰ ਵੀ ਹਸਰਤ ਮੋਹਾਨੀ ਅਤੇ ਨੌਜਵਾਨ ਮੁਹੰਮਦ ਅਲੀ ਜਿਨਾਹ ਆਦਿ ਨੈਸ਼ਨਲ ਕਾਂਗਰਸ ਵੱਲ ਆਏ...(ਪੰਨਾ 253)

ਇਸ ਤਰ੍ਹਾਂ ਦੀਆਂ ਟੂਕਾਂ ਸਮੁਚੇ ਪ੍ਰਸੰਗ ਵਿਚੋਂ ਤੋੜ ਕੇ ਕਿੰਤੂਕਾਰਾਂ ਨੇ ਆਪਣੇ ਵਲੋਂ ਵਿਦਵਾਨ ਲੇਖਕਾਂ ਦੇ ਵਿਰੁਧ ਪੂਰਾ ਕੇਸ ਤਿਆਰ ਕੀਤਾ। ਪ੍ਰਧਾਨ ਮੰਤਰੀ ਨੂੰ ਆਪਣੇ ਨਾਲ ਸਹਿਮਤ ਕਰਾਉਣ ਲਈ ਰਾਜਸੀ-ਸਮਾਜਕ ਜੀਵਨ ਵਿਚ ਹਿੰਸਾ ਦੇ ਸਮਰਥਕਾਂ ਨੇ ਲੇਖਕਾਂ ਵਿਰੁਧ ਇਹ ਏਤਰਾਜ਼ ਕੀਤਾ ਕਿ 'Communalism & Writing of Indian History' ਵਿਚ ਗਾਂਧੀਵਾਦ ਵਿਰੁਧ ਇਹ ਲਿਖਿਆ ਗਿਆ ਹੈ ਕਿ "ਅਹਿੰਸਾ ਨੂੰ ਕੇਵਲ ਇਕ ਦਾਰਸ਼ਨਿਕ ਸਿਧਾਂਤ ਦੇ ਤੌਰ 'ਤੇ ਹੀ ਮੰਨਿਆ ਗਿਆ ਹੈ, ਪਰ ਅਮਲ ਵਿਚ ਉਹ ਗੱਲ ਨਹੀਂ ਹੈ।" (ਪੰਨਾ 13) ਪੁਸਤਕ ਵਿਚ ਤਾਂ ਇਹ ਹਵਾਲਾ ਪੁਰਾਤਨ ਭਾਰਤ ਵਿਚ ਅਹਿੰਸਾ ਅਤੇ ਬੁਧ-ਜੈਨ ਧਰਮਾਂ ਦੇ ਪ੍ਰਸੰਗ ਵਿਚ ਦਿਤਾ ਗਿਆ ਸੀ, ਪਰ ਚੁਸਤ ਕਿੰਤੂਕਾਰਾਂ ਨੇ ਇਸ ਟੂਕ ਨੂੰ ਪ੍ਰਸੰਗ ਨਾਲੋਂ ਕੱਟ ਕੇ ਬਿਲਕੁਲ ਵਖਰੇ ਰੰਗ ਵਿਚ ਪੇਸ਼ ਕੀਤਾ ਜਿਵੇਂ ਕਿ ਇਹ ਕੁਝ ਗਾਂਧੀਵਾਦ ਦੇ ਪ੍ਰਸੰਗ ਵਿਚ ਕਿਹਾ ਗਿਆ ਹੋਵੇ।

ਇਤਿਹਾਸ ਦੀ ਵਿਆਖਿਆ ਸੰਬੰਧੀ ਦਿੱਲੀ ਵਿਖੇ ਪਿਛੇ ਜਿਹੇ ਹੋਈ ਇਕ ਮੀਟਿੰਗ ਵਿਚ ਕਿੰਤੂਕਾਰਾਂ ਦੇ ਪ੍ਰਤੀਨਿਧੀਆਂ (ਸ੍ਰੀ ਬਲਰਾਜ ਮਧੋਕ ਅਤੇ ਸੁਬਰਾਮਨੀਅਮ ਸਵਾਮੀ) ਨੇ ਆਪਣਾ ਪੱਖ ਪੇਸ਼ ਕੀਤਾ, ਪਰ ਦਰਸ਼ਕਾਂ ਦਾ ਕਹਿਣਾ ਹੈ ਕਿ ਉਹਨਾਂ ਪਾਸ ਦਲੀਲ ਅਤੇ ਤਰਕ ਦੀ ਘਾਟ ਸੀ।[2] ਅਗਲੇ ਦਿਨ ਦੇ ਅਖ਼ਬਾਰ ਵਿਚ ਸ਼ਬਦ "ਹਿੰਦੂ" ਦੀ ਵਿਉਤਪਤੀ ਦੱਸਦੇ ਹੋਏ ਬਲਰਾਜ ਮਧੋਕ ਤਾਂ ਇਹ ਕਹਿ ਗਏ ਕਿ "ਹਰੇਕ ਭਾਰਤੀ ਹਿੰਦੂ ਹੈ।"[3] ਇਹ ਠੀਕ ਹੈ ਕਿ "ਸਿੰਧੂ" (ਸੰਸਕ੍ਰਿਤ ਸ਼ਬਦ ਜਿਸ ਦਾ ਅਰਥ ਹੈ 'ਨਦੀ') ਤੋਂ ਹਿੰਦੂ, ਇੰਦੂ, ਇੰਦੋ, ਇੰਦੀਆ, ਇੰਦਿਸਕਾ, ਇੰਦਿਕਾ ਆਦਿ ਸ਼ਬਦ ਹੋਂਦ ਵਿਚ ਆਏ ਅਤੇ ਯੂਰਪੀਨ ਲੋਕ ਸਦੀਆਂ ਤੱਕ ਹਰੇਕ ਭਾਰਤੀ ਨੂੰ 'ਇੰਦੂ' ਜਾਂ 'ਹਿੰਦੂ' ਸਮਝਦੇ ਜਾਂ ਕਹਿੰਦੇ ਰਹੇ ਹਨ, ਪਰ ਜਿਸ ਪ੍ਰਸੰਗ ਵਿਚ ਅੱਜ ਇਹ ਸ਼ਬਦ ('ਹਿੰਦੂ') ਭਾਰਤ ਵਿਚ ਵਰਤਿਆ ਜਾਂਦਾ ਹੈ, ਹਰੇਕ ਭਾਰਤੀ ਨੂੰ ਹਿੰਦੂ ਕਹਿਣਾ ਜਾਂ ਸਮਝਣਾ ਇਕ ਅਜਿਹੇ ਪੁਆੜੇ ਦੀ ਜੜ੍ਹ ਖੜੀ ਕਰਨਾ ਹੈ ਜਿਸਨੂੰ ਕੱਟਣਾ ਜਾਂ ਸੰਭਾਲਣਾ ਮੁਸ਼ਕਲ ਹੋ ਜਾਵੇਗਾ।

ਇਹ ਗੱਲ ਹੁਣ ਦਿੱਲੀ ਜਾਂ ਇਸਦੀਆਂ ਯੂਨੀਵਰਸਟੀਆਂ ਤੱਕ ਹੀ ਸੀਮਤ ਨਹੀਂ ਰਹੀ। ਇਸ

ਸਾਲ ਕੁਰੂਕਸ਼ੇਤਰ ਯੂਨੀਵਰਸਟੀ ਦੇ ਬੀ. ਏ. (ਪਹਿਲਾ ਸਾਲ) ਕੋਰਸ ਵਿਚ ਜਾਰਜ ਆਰਵੈਲ ਦਾ ਨਾਵਲ "Animal Farm" ਪਾਠ-ਪੁਸਤਕ ਦੇ ਤੌਰ 'ਤੇ ਲਗਾਇਆ ਗਿਆ ਹੈ। ਰਾਜਨੀਤਕ ਪ੍ਰਤੀਕਾਵਲੀ ਨੂੰ ਮੁਖ ਰਖ ਕੇ ਲਿਖਿਆ ਗਿਆ ਅਜਿਹਾ ਨਾਵਲ ਅੱਵਲ ਤਾਂ ਨਿੱਕੀ ਕਲਾਸ ਵਿਚ ਲਗਾਉਣਾ ਹੀ ਗਲਤ ਹੈ (ਕਿਉਂਕਿ 'ਲਿਖੇ ਮੂਸਾ ਤੇ ਪੜ੍ਹੇ ਖ਼ੁਦਾ' ਵਾਲੀ ਗੱਲ ਬਣਦੀ ਹੈ) ਪਰ ਖਾਸ ਗੱਲ ਇਹ ਵੀ ਹੈ ਕਿ ਇਹ ਨਾਵਲ ਕਮਿਊਨਿਸਟ-ਵਿਰੋਧੀ ਹੈ।[4] ਇਸ ਸੰਬੰਧੀ ਹਰਿਆਨਾ ਦੇ ਲੇਖਕਾਂ ਨੇ ਜਦ ਬਿਆਨ ਦਿਤਾ ਕਿ ਇਸ ਨੂੰ ਕੋਰਸ ਵਿਚੋਂ ਹਟਾਇਆ ਜਾਏ ਤਾਂ ਇਕ ਪ੍ਰਸਿਧ ਦੈਨਿਕ ਨੇ ਇਸ ਦੇ ਕਮਿਊਨਿਸਟ-ਵਿਰੋਧੀ ਨਾ ਹੋਣ ਬਾਰੇ ਟਿਪਣੀ ਦੇ ਦਿਤੀ।[5]

ਗੱਲ ਬੜੀ ਸਪੱਸ਼ਟ ਹੈ। ਭਾਰਤ ਦੀ ਮੈਕਾਰਥੀ ਬਰਾਦਰੀ ਨੇ ਜਿਸ ਤਰ੍ਹਾਂ ਪ੍ਰਗਤੀਸ਼ੀਲ ਤੇ ਵਿਗਿਆਨਕ ਦ੍ਰਿਸ਼ਟੀ ਵਾਲੇ ਤੱਤ ਦੇ ਵਿਰੁਧ ਇਕ ਸੰਗਠਤ ਹੱਲਾ ਸ਼ੁਰੂ ਕੀਤਾ ਹੈ ਉਸ ਬਦਨੀਤੀ ਦੇ ਵਿਰੁਧ ਸਾਵਧਾਨ ਹੋਣ ਅਤੇ ਲੋਕ-ਰਾਏ ਸੰਗਠਤ ਕਰਨ ਦੀ ਜਿੰਨੀ ਲੋੜ ਅੱਜ ਹੈ, ਪਿਛਲੇ ਤੀਹਾਂ ਸਾਲਾਂ ਵਿਚ ਪਹਿਲਾਂ ਕਦੇ ਨਹੀਂ ਸੀ ਹੋਈ।

---

1. NCERT ਵਲੋਂ ਉਹਨਾਂ ਸਭ ਇਤਰਾਜ਼ਾਂ ਦਾ ਜਵਾਬ ਦਿਤਾ ਗਿਆ ਹੈ ਜੋ ਕਿੰਤੂਕਾਰਾਂ ਨੇ ਇਹਨਾਂ ਪੁਸਤਕਾਂ ਬਾਰੇ ਕੀਤੇ। ਇਹਨਾਂ ਬਾਰੇ ਇਕ ਚਰਚਾ Economic & Political Weekly (17.9.77) ਵਿਚ ਵੀ ਹੋਈ ਹੈ।
2. Statesman', Delhi ed,, dtd. 26.9.77
3. Statesman, dtd. 29.9.77 ('Letters to the Editor' column)
4. "The teacher finds it difficult to enlighten the students on the subtleties of the novel. The animal characters in the novel refer to Communist leaders who can be easily identified" (The Tribune, dtd. 4.10.77)
5. "The protest of the Punjabi Lekhak Sabha, Haryana...against the introduction of "Animal Farm," a novel by George Orwell in the Kurukshetra University, is amusing because the book is not anti-communist. It is against the elite, that smug tribe which feathers its own nest without bothering about the misery in which most people live." (Indian Express, Chandigarh, 3.10.77)

---

## ਗੁਰਬਾਣੀ ਦਾ ਸੱਚ

ਪ੍ਰੋ: ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ, ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿਖ, ਲਾਇਬਰੇਰੀ ਐਡੀਸ਼ਨ, ਪੱਕੀ ਜਿਲਦ — ਮੁਲ : ਪੰਦਰਾਂ ਰੁਪੈ, ਪੇਪਰ ਬੈਕ — ਮੁਲ : ਦਸ ਰੁਪੈ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2 ਡਾਲਰ)





## ਮਾਰਕਸਵਾਦੀ ਲਹਿਰ ਦੇ ਨਾ ਫੈਲਣ ਦੇ ਕਾਰਨ

ਸੇਧ ਦੇ ਐਡੀਟਰ ਨੇ ਜੁਲਾਈ '77 ਦੇ ਪਰਚੇ ਦੇ ਮੁਖ ਲੇਖ ਵਿਚ ਇਕ ਅਹਿਮ ਮਸਲੇ 'ਤੇ ਚਰਚਾ ਛੇੜੀ ਹੈ। "ਪੰਜਾਬ ਵਿਚ ਮਾਰਕਸਵਾਦ ਦਾ ਬੂਟਾ ਕਿਉਂ ਨਹੀਂ ਤੁਰਿਆ ?" ਭਾਵ ਪੰਜਾਬ ਵਿਚ ਮਾਰਕਸਵਾਦੀ ਲਹਿਰ ਸ਼ਕਤੀਸ਼ਾਲੀ ਕਿਉਂ ਨਹੀਂ ਹੋ ਸਕੀ ? ਮਸਲਾ ਬਹੁਤ ਅਹਿਮ ਤੇ ਗੰਭੀਰ ਹੈ। ਇਸ 'ਤੇ ਹਰ ਇਕ ਪੰਜਾਬੀ ਤੇ ਮਾਰਕਸਵਾਦੀ ਲਹਿਰ ਦੇ ਹਮਦਰਦ ਲਈ ਚਿੰਤਤ ਹੋਣਾ ਜ਼ਰੂਰੀ ਹੈ। ਪਰੰਤੂ ਇਹ ਮਸਲਾ ਅਜਿਹਾ ਨਹੀਂ ਕਿ ਕੁਝ ਉਪਰੇ ਨਿਰਣੈ ਕਰਕੇ ਲੀਡਰ ਕਹੌਂਦੇ ਕੁਝ ਵਿਅਕਤੀਆਂ ਨੂੰ ਬੇਈਮਾਨ ਤੇ ਕਮਅਕਲ, ਯਭਲ ਦਸ ਕੇ ਸਾਰੇ ਮਸਲੇ ਨੂੰ ਉਹਨਾਂ ਦੇ ਸਿਰ ਮੜ੍ਹ ਦਿਤਾ ਜਾਵੇ। ਇਹ ਮਸਲਾ ਬਹੁਤ ਡੂੰਘੀ ਪੁਣ ਛਾਣ ਤੇ ਨਿਰਣਿਆਂ ਦੀ ਮੰਗ ਕਰਦਾ ਹੈ, ਤਾਂ ਕਿ ਕੇਵਲ ਪਿਛਲੀਆ ਗਲਤੀਆਂ 'ਤੇ ਹੀ ਉਂਗਲ ਨਾ ਧਰੀ ਜਾਵੇ ਬਲਕਿ ਅਗੇ ਲਈ ਵੀ ਕੋਈ ਦਰੁਸਤ ਰਾਹ ਜਾਂ ਸੇਧ ਲੱਭੀ ਜਾ ਸਕੇ ਅਤੇ ਮਾਰਕਸਵਾਦੀ ਲਹਿਰ ਪੰਜਾਬ ਵਿਚ ਵੀ ਡੂੰਘੀਆਂ ਜੜ੍ਹਾਂ ਫੜ ਸਕੇ ਤੇ ਵਿਕਾਸ ਕਰ ਸਕੇ।

ਇਸ ਮਸਲੇ ਵੱਲ ਦਰੁਸਤ ਪਹੁੰਚ ਇਹ ਬਣਦੀ ਹੈ ਕਿ ਪੰਜਾਬ ਦਾ ਰਾਜਸੀ, ਆਰਥਕ ਤੇ ਸਮਾਜਕ ਪਿਛੋਕੜ ਘੋਖ ਕੇ ਉਹਨਾਂ ਕਾਰਨਾਂ ਦੀ ਭਾਲ ਕੀਤੀ ਜਾਵੇ ਜਿੰਨਾ ਕਾਰਨਾਂ ਕਰਕੇ ਮਾਰਕਸਵਾਦੀ ਲਹਿਰ ਵਿਕਾਸ ਨਹੀਂ ਕਰ ਸਕੀ। ਜੇਕਰ ਇਸ ਗੱਲ ਨੂੰ ਵੀ ਮੰਨ ਲਈਏ ਕਿ ਲੀਡਰਸ਼ਿਪ ਬੇਈਮਾਨ ਤੇ ਯੱਭਲ ਸੀ। ਹਾਲਾਂਕਿ ਇਹ ਗੱਲ ਪੂਰੀ ਤਰ੍ਹਾਂ ਦਰੁਸਤ ਨਹੀਂ ? ਤਾਂ ਭੀ ਪਹਿਲਾਂ ਉਹਨਾਂ ਕਾਰਨਾਂ ਦੀ ਘੋਖ ਕਰਨੀ ਪਵੇਗੀ, ਜਿੰਨਾਂ ਕਾਰਨਾਂ ਕਰਕੇ ਲੀਡਰਸ਼ਿਪ ਬੇਈਮਾਨ ਬਣੀ ਤੇ ਯਭਲ ਹੋਣ ਦੇ ਬਾਵਜੂਦ ਵੀ ਆਪਣੀ ਜਕੜ ਕਾਇਮ ਰਖ ਸਕੀ ?

ਮਾਰਕਸਵਾਦ ਵਿਗਿਆਨ ਹੈ, ਉਹ ਹਰ ਇਕ ਗੱਲ ਦਾ ਭੌਤਕੀ ਕਾਰਨ ਲੱਭਦਾ ਤੇ ਪਰਮਾਣੀਕ ਸੱਚ ਤਕ ਅਪੜਦਾ ਹੈ। ਇਸ ਸੰਦਰਭ ਵਿਚ ਗੁਰਵੇਲ ਪੰਨੂੰ ਦੇ ਨਿਰਣੈ ਭੌਤਕੀ ਕਾਰਨਾਂ 'ਤੇ ਆਧਾਰਤ ਤੇ ਪਰਮਾਣੀਕ ਸੱਚ ਤਕ ਨਹੀਂ ਅਪੜਦੇ ਕੇਵਲ ਅੰਤਰਮੁਖੀ ਨਿਰਣੈ ਹੀ ਰਹਿੰਦੇ ਹਨ। ਬੁਨਿਆਦੀ ਨਿਰਣੈ ਕਰਨ ਲਈ ਡੂੰਘੀ ਖੋਜ ਤੇ ਬਹੁ-ਪੱਖੀ ਸਮੱਗਰੀ ਦੀ ਲੋੜ ਹੈ। ਇਹ ਕੁਝ ਹਕੀਕਤ ਵਿਚ ਮਾਰਕਸਵਾਦੀ ਪਾਰਟੀਆਂ, ਵਿਦਵਾਨਾਂ ਤੇ ਸੰਸਥਾਵਾਂ ਦੇ ਸਾਂਝੇ ਯਤਨਾਂ ਰਾਹੀਂ ਹੀ ਕੀਤਾ ਜਾ ਸਕਦਾ ਹੈ। ਕੋਈ ਇਕ ਵਿਦਵਾਨ ਉਸ ਕੋਲ ਭਾਵੇਂ ਕਿੰਨੇ ਹੀ ਸਾਧਨ ਤੇ ਵਸੀਲੇ ਹੋਣ ਇਹ ਕੁਝ ਨਹੀਂ ਕਰ ਸਕਦਾ।

ਇਸ ਦੇ ਨਾਲ ਇਕ ਗੱਲ ਇਹ ਹੈ ਕਿ ਪੰਜਾਬ ਵਿਚ ਮਾਰਕਸੀ ਲਹਿਰ ਦੇ ਬਹੁਤੇ ਮੋਢੀ ਉਤਸ਼ਾਹੀ, ਸਿਰੜੀ ਤੇ ਅਣਥਕ ਅਮਲੀ ਕਾਮੇ ਸਨ। ਪਰੰਤੂ ਉਹਨਾਂ ਦੇ ਕਿਸਾਨੀ ਪਿਛੋਕੜ ਕਾਰਨ ਸਿਧਾਂਤਕ ਗੁੰਝਲਾਂ ਸੁਲਝਾਉਣ ਤੇ ਤੱਤ ਕੱਢਣ ਦਾ ਨਾ ਉਹਨਾਂ ਕੋਲ ਸਮਾਂ ਸੀ ਤੇ ਨਾ ਹੀ ਸਮਰਥਾ। ਇਹ ਕੁਝ ਯਭਲਪੁਣਾ, ਨਹੀਂ ਬਲਕਿ ਪਰਸਥਿਤੀਆਂ ਦੀ ਦੇਣ ਮਜਬੂਰੀਆਂ ਸਨ। ਮੁਢਲੇ ਸਮੇਂ ਵਿਚ ਜੋ ਵੀ ਸਿਧਾਂਤਕ ਕੰਮ ਕੀਤਾ ਗਿਆ ਉਹਦਾ ਰਿਕਾਰਡ ਬਹੁਤ ਘੱਟ ਪਰਾਪਤ ਹੈ। ਕਮਿਊਨਿਸਟ ਪਾਰਟੀਆਂ ਵਿਚੋਂ ਕਿਸੇ ਕੋਲ ਵੀ ਮੁਕੰਮਲ ਰਿਕਾਰਡ ਨਹੀਂ ਹੈ। ਵਿਅਕਤੀਗਤ ਤੌਰ 'ਤੇ ਕਿਸੇ ਵੀ ਵਿਅਕਤੀ ਕੋਲ ਮੁਕੰਮਲ ਰਿਕਾਰਡ ਨਹੀਂ ਹੈ। ਜੇਕਰ ਕਿਸੇ ਕੋਲ ਹੈ, ਤਾਂ ਉਹ ਦਿਖਾਉਣ ਲਈ ਤਿਆਰ ਨਹੀਂ। ਨਾ ਹੀ ਕਿਸੇ ਮਾਰਕਸਵਾਦੀ ਪਾਰਟੀ ਦੇ ਅਮਲੀ ਕਾਮੇਂ ਕੋਲ ਏਨੇ

ਵਸੀਲੇ ਹਨ, ਕਿ ਉਹ ਇਹ ਤੱਥ ਇਕੱਠੇ ਕਰ ਸਕੇ। ਪਾਰਟੀਆਂ ਆਪ ਵੀ ਅਜਿਹੇ ਵਸੀਲੇ ਜੁਟਾ ਸਕਣ ਦੇ ਸਮਰੱਥ ਨਹੀਂ ਹਨ। ਇਹ ਮੁਢਲੀਆਂ ਮੁਸ਼ਕਲਾਂ ਇਸ ਮਸਲੇ ਦੀ ਖੋਜ ਵਿਚ ਹਨ।

ਕੋਈ ਮਾਰਕਸੀ ਪਾਰਟੀ ਪੂਰਨ ਤੌਰ 'ਤੇ ਸਮੁਚੇ ਪੰਜਾਬ ਦਾ ਆਰਥਕ ਤੇ ਜਮਾਤੀ ਸਰਵੇਖਣ ਕਰਕੇ ਜਮਾਤੀ ਕਤਾਰਬੰਦੀ ਤੇ ਘੋਲ ਦੀ ਪੈਂਤੜੇਬਾਜ਼ੀ ਤਿਆਰ ਨਹੀਂ ਕਰ ਸਕੀ। ਇਹ ਸਮੇਂ ਸਮੇਂ ਤਾਂ ਕੀਤਾ ਜਾਂਦਾ ਰਿਹਾ ਹੈ, ਪਰ ਉਹ ਸਮੁਚੇ ਮਸਲੇ ਨੂੰ ਆਪਣੇ ਦਾਇਰੇ ਵਿਚ ਨਹੀਂ ਲੈ ਸਕੀਆਂ। ਇਹ ਵੀ ਇਕ ਕਾਰਨ ਮਾਰਕਸੀ ਲਹਿਰ ਦੇ ਨਾ ਫੈਲਣ ਦਾ ਹੈ। ਪਰੰਤੂ ਮੂਲ ਪ੍ਰਸ਼ਨ ਪੰਜਾਬ ਦਾ ਆਰਥਕ ਤੇ ਜਮਾਤੀ ਸਰਵੇਖਣ ਦੀ ਅਣਹੋਂਦ ਬਣਦਾ ਹੈ। ਮਾਰਕਸੀ ਲਹਿਰ ਦੇ ਜੜ੍ਹ ਨਾ ਫੜ ਸਕਣ ਦਾ ਇਕ ਕਾਰਨ ਇਥੋਂ ਦੀਆਂ ਸਮਾਜਕ, ਭੂਗੋਲਕ ਤੇ ਇਤਿਹਾਸਕ ਪਰਸਥਿਤੀਆਂ ਵੀ ਹਨ। ਇਥੋਂ ਦੀ ਆਰਥਕ ਤੇ ਸਮਾਜਕ ਬਣਤਰ ਅਜਿਹੀ ਹੈ ਜਿਸ ਉਤੇ ਜਗੀਰਦਾਰੀ ਸੋਚ ਦੀ ਜੱਕੜ ਬਹੁਤ ਡੂੰਘੀ ਹੈ। ਕਿਸਾਨੀ ਦਾ ਬਹੁਤਾ ਵੱਡਾ ਹਿੱਸਾ ਮਾਲਕ ਕਿਸਾਨੀ ਦਾ ਹੈ, ਇਹ ਮਾਲਕ ਕਿਸਾਨੀ ਦੀ ਪ੍ਰਥਾ ਪੰਜਾਬ ਵਾਂਗ ਬਹੁਤ ਘੱਟ ਥਾਈਂ ਮਿਲਦੀ ਹੈ। ਇਹ ਜ਼ਮੀਨ ਦੀ ਮਾਲਕੀ ਕ੍ਰਿਸਾਣੀ ਦੇ ਪਰੋਲੇਤਾਰੀ ਕਰਨ ਦੇ ਰਾਹ ਵਿਚ ਅੜਿਕਾ ਰਹੀ ਹੈ। ਇਹ ਸੋਚ ਇਥੋਂ ਤਕ ਭਾਰੂ ਹੈ ਕਿ ਪੰਜਾਬੀ ਕਿਸਾਨ ਵਿਦੇਸ਼ਾਂ ਵਿਚ ਜਾਕੇ ਮਜ਼ਦੂਰੀ ਕਰਦਾ ਹੈ, ਪਰ ਪੰਜਾਬ ਵਿਚ ਕਾਰਖ਼ਾਨਾ ਲਾਉਣ ਦੀ ਥਾਂ ਜ਼ਮੀਨ ਖ਼ਰੀਦਦਾ ਹੈ। ਇਹ ਜ਼ਮੀਨ ਦੀ ਮਾਲਕੀ ਸਮੂਹਕਤਾ ਕਾਇਮ ਕਰਨ ਦੀ ਥਾਂ ਵਿਅਕਤੀਗਤਤਾ ਉਸਾਰਦੀ ਰਹੀ ਹੈ।

ਪੰਜਾਬ ਦੇ ਭਾਰਤ ਦੇ ਦੂਜੇ ਰਾਜਾਂ ਨਾਲੋਂ ਪਿਛੋਂ ਅੰਗਰੇਜ਼ੀ ਕਬਜ਼ੇ ਹੇਠ ਆਉਣ ਕਾਰਨ ਨਵੀਂ ਵਿਦਿਆ ਦਾ ਵਿਕਾਸ ਬਹੁਤ ਪਛੜਕੇ ਹੋਇਆ। ਅੰਗਰੇਜ਼ਾਂ ਨੇ ਇਥੇ ਕਲਰਕ ਜਾਂ ਹੋਰ ਸਿਵਲੀਅਨ ਪਰਬੰਧਕ ਮਾਮਲਾ ਕਾਇਮ ਕਰਨ ਲਈ ਵਿਦਿਆ ਦਾ ਪਸਾਰ ਨਹੀਂ ਕੀਤਾ ਬਲਕਿ ਇਹਨੂੰ ਫ਼ੌਜੀ ਭਰਤੀ ਦਾ ਖੇਤਰ ਹੀ ਰਖਿਆ। ਇਸ ਕਾਰਨ ਇਥੇ ਦਰਮਿਆਨੇ ਤਬਕੇ ਵਿਚੋਂ ਬੁਧੀਜੀਵੀਆਂ ਦਾ ਤਬਕਾ ਪੈਦਾ ਨਹੀਂ ਹੋ ਸਕਿਆ ਜਿਵੇਂ ਬੰਗਾਲ ਵਿਚ "ਭੱਦਰ ਲੋਕ" ਤਬਕਾ ਪੈਦਾ ਹੋਇਆ। ਪੰਜਾਬ ਦੀ ਆਰਥਕ ਤੇ ਸਮਾਜਕ ਸਥਿਤੀ ਰੂਸੀ ਕਜਾਕਾਂ ਨਾਲ ਬਹੁਤ ਹੱਦ ਤੱਕ ਮਿਲਦੀ ਹੈ। ਉਹ ਵੀ ਬਹੁਤ ਪਛੜਕੇ ਇਨਕਲਾਬੀ ਧਾਰਾ ਅਧੀਨ ਆਏ ਸਨ। ਪਹਿਲਾਂ ਉਲਟ-ਇਨਕਲਾਬ ਦਾ ਹਥਿਆਰ ਬਣੇ ਰਹੇ ਸਨ।

ਪੰਜਾਬ ਵਿਚ ਰਣਜੀਤ ਸਿੰਘ ਦਾ ਰਾਜ ਬਹੁਤ ਘੱਟ ਸਮਾਂ ਰਿਹਾ। ਉਹ ਵੀ ਸਾਰੇ ਪੰਜਾਬੀਆਂ ਨੂੰ ਪੂਰੀ ਤਰ੍ਹਾਂ ਇਕ ਕੌਮ ਨਾ ਬਣਾ ਸਕਿਆ। ਉਹਨੇ ਕੌਮ ਬਣਨ ਲਈ ਬੁਨਿਆਦੀ ਸ਼ਰਤ ਬੋਲੀ ਦੀ ਸਾਂਝ ਦੇ ਹੁੰਦਿਆਂ ਵੀ ਲਿੱਪੀ ਦਾ ਮਸਲਾ ਨਾ ਸੁਲਝਾਇਆ। ਬਲਕਿ ਸਰਕਾਰੀ ਬੋਲੀ ਫ਼ਾਰਸੀ ਹੀ ਰਖੀ। ਇਸ ਪਾੜ ਨੂੰ ਪਿਛੋਂ ਚਲੀਆਂ "ਪੁਨਰ ਸੁਰਜੀਤੀ" ਦੀਆਂ ਧਾਰਮਕ ਲਹਿਰਾਂ ਨੇ ਹੋਰ ਵੀ "ਚੋੜਾ ਕਰ ਦਿਤਾ। ਲਿੱਪੀ ਦੇ ਵਿਰੋਧ ਨੇ ਬੋਲੀ ਦੀ ਸਾਂਝ ਨੂੰ ਵੀ ਪੱਕੀ ਨਾ ਹੋਣ ਦਿਤਾ। ਖ਼ਾਸ ਕਰਕੇ ਸਿੰਘ ਸਭਾ ਲਹਿਰ ਦੇ ਪਿਉਰਟੀਨਵਾਦ (Puritanism) ਨੇ ਗੁਰਮੁਖੀ ਲਿੱਪੀ ਨੂੰ ਪੰਜਾਬੀ ਬੋਲੀ ਦੀ ਲਿੱਪੀ ਬਨਾਉਣ ਵਿਚ ਤੰਗ-ਨਜ਼ਰੀ ਵਰਤੀ, ਜਿਸ ਤੋਂ ਦੂਜੇ ਤੰਗ-ਨਜ਼ਰਾਂ ਨੇ ਲਾਭ ਉਠਾਇਆ। ਸਿੰਘ ਸਭਾ ਲਹਿਰ ਨੇ ਹੀ ਸਭਿਆਚਾਰਕ ਵਿਰਸੇ ਦੀ ਏਕਤਾ ਨੂੰ ਭੰਗ ਕੀਤਾ। ਗਿੱਧੇ ਤੇ ਤੀਆਂ ਨੂੰ ਮਨਮੱਤ ਕਰਾਰ ਦੇਕੇ ਪੰਜਾਬੀ ਕੌਮ ਦੇ ਇਕ ਵਡੇ ਹਿੱਸੇ ਨੂੰ ਕੌਮੀ ਧਾਰੇ ਵਿਚੋਂ ਬਾਹਰ ਕੱਢ ਦਿਤਾ। ਇਹ ਕੁਝ ਫ਼ਿਰਕੂ ਤੰਗ-ਨਜ਼ਰੀ ਦੇ ਰੂਪ ਵਿਚ ਪਰਗਟ ਹੋਇਆ ਤੇ ਪੰਜਾਬੀ ਕੌਮ ਨੂੰ ਵੰਡਣ ਦਾ ਕਾਰਨ ਬਣਿਆ। ਇਹੋ ਕਾਰਨ ਸੀ ਕਿ ਕੌਮੀ ਲਹਿਰ ਸਮੇਂ ਪੰਜਾਬ ਵਿਚ ਕਾਂਗਰਸ



ਕੌਮੀ ਪਾਰਟੀ ਤੇ ਏਕਤਾ ਦੀ ਪਰਤੀਕ ਨਹੀਂ ਬਣ ਸਕੀ। ਸਿੱਖਾਂ ਤੇ ਮੁਸਲਮਾਨਾਂ ਦਾ ਬਹੁਤਾ ਵੱਡਾ ਹਿੱਸਾ ਇਸ ਤੋਂ ਅਟੰਕ ਹੀ ਰਿਹਾ। ਇਸ ਤਰ੍ਹਾਂ ਕੌਮ ਬਣਨ ਲਈ ਦੋ ਮੁਢਲੀਆਂ ਸ਼ਰਤਾਂ ਬੋਲੀ (ਲਿੱਪੀ) ਤੇ ਸਭਿਆਚਾਰਕ ਵਿਰਸੇ ਦੀ ਏਕਤਾ ਪੂਰੀਆਂ ਨਾ ਹੋ ਸਕੀਆਂ ਅਤੇ ਪੰਜਾਬੀ ਇਕ ਕੌਮ ਨਾ ਬਣ ਸਕੇ। ਫ਼ਿਰਕੂ ਪਰਭਾਵ ਉਹਨਾਂ 'ਤੇ ਭਾਰੂ ਰਿਹਾ। ਜਿਹੜਾ ਮਾਰਕਸਵਾਦ ਵਰਗੀ ਵਿਗਿਆਨਕ ਲਹਿਰ ਦੇ ਵਾਧੇ ਲਈ ਮਾਰੂ ਰੋਗ ਹੈ।

ਹਮਲਆਵਰਾਂ ਦੇ ਰਾਹ ਵਿਚ ਹੋਣ ਕਾਰਨ, ਨਿੱਤ ਨਵੇਂ ਉਜਾੜੇ ਤੇ ਸਰਕਾਰਾਂ ਦੇ ਬਦਲਣ ਕਾਰਨ ਪੰਜਾਬੀਆਂ ਵਿਚ ਦੇਸ਼ ਭਗਤੀ ਦਾ ਜਜ਼ਬਾ ਕਦੇ ਵੀ ਰਵਾਇਤੀ ਪਰਬਲ ਰੂਪ ਨਾ ਧਾਰ ਸਕਿਆ। ਸਮੇਂ ਸਮੇਂ ਇਹਦਾ ਉਭਾਰ ਤਾਂ ਉਠਦਾ ਰਿਹਾ ਪਰੰਤੂ ਇਕ ਸਦੀਵੀ ਦੇਸ਼ ਭਗਤੀ ਦੀ ਲਹਿਰ 'ਸ਼ਵਨਵਾਦ' ਦਾ ਰੂਪ ਨਹੀਂ ਧਾਰ ਸਕੀ। ਇਹੋ ਕਾਰਨ ਹੈ ਕਿ ਪੰਜਾਬੀਆਂ ਨੂੰ ਪੰਜਾਬ ਤੇ ਕਨੈਡਾ ਵਿਚ ਬਹੁਤਾ ਅੰਤਰ ਨਹੀਂ ਭਾਸਦਾ। ਆਰਥਕ ਪਰਬੰਧ ਉਤੇ ਜਗੀਰੂ-ਜਕੜ ਕਾਰਨ, ਪੰਜਾਬ ਦਾ ਸਨਅਤੀਕਰਨ ਵੀ ਨਹੀਂ ਹੋਇਆ, ਜਿਸ ਕਾਰਨ ਜਥੇਬੰਦ ਮਜ਼ਦੂਰ ਜਮਾਤ ਤੇ ਲਹਿਰ ਪੈਦਾ ਨਹੀਂ ਹੋ ਸਕੀ, ਜਿਹੜੀ ਗੁਣ ਤੇ ਗਿਣਤੀ ਦੇ ਪਖੋਂ ਪੰਜਾਬ ਦੀ ਮਾਰਕਸਵਾਦੀ ਲਹਿਰ ਨੂੰ ਪ੍ਰਭਾਵਤ ਕਰਦੀ ਤੇ ਇਸ ਨੂੰ ਦਰੁਸਤ ਮੋੜ ਦਿੰਦੀ। ਮਾਲਕ-ਕਿਸਾਨ ਪ੍ਰਥਾ ਕਾਰਨ ਪੇਂਡੂ ਖੇਤ ਮਜ਼ਦੂਰ ਪੰਜਾਬ ਵਿਚ ਮੁਖ ਤੌਰ 'ਤੇ ਆਰਥਕ ਮੰਦਹਾਲੀ ਤੇ ਸਮਾਜਕ ਜਬਰ ਦਾ ਭਾਗੀ ਨਹੀਂ ਰਿਹਾ ਜਿਵੇਂ ਦੂਜੇ ਰਾਜਾਂ ਵਿਚ ਰਿਹਾ ਹੈ। ਅਜ ਉਸ ਤਰ੍ਹਾਂ ਮੰਦਹਾਲੀ ਦੇ ਸਮੇਂ ਵੀ ਪੰਜਾਬ ਵਿਚ ਵੀ ਕੰਗਾਲੀ-ਕਰਨ ਦੀ ਰਫ਼ਤਾਰ ਦੂਜੇ ਰਾਜਾਂ ਨਾਲੋਂ ਸੁਸਤ ਹੈ।

ਪੰਜਾਬ ਵਿਚ ਮਾਰਕਸੀ ਲਹਿਰ ਨੂੰ ਤੋਰਨ ਵਾਲੇ ਗ਼ਦਰੀ ਲਹਿਰ, ਬਬਰ ਲਹਿਰ ਤੇ ਅਕਾਲੀ ਲਹਿਰਾਂ ਵਿਚੋਂ ਲੰਘੇ ਜਾਂ ਉਹਨਾਂ ਤੋਂ ਪਰੇਰਤ ਸਨ। ਇਹ ਸਾਰੀਆਂ ਲਹਿਰਾਂ ਮੁਖ ਤੌਰ 'ਤੇ ਕਿਸਾਨੀ ਦੀਆਂ ਲਹਿਰਾਂ ਸਨ। ਇਹਨਾਂ ਵਿਚ ਭਾਗ ਲੈਣ ਵਾਲਿਆਂ ਦਾ ਬਹੁਤਾ ਹਿੱਸਾ ਕਿਸਾਨੀ ਵਿਚੋਂ ਤੇ ਉਹ ਵੀ ਦਰਮਿਆਨੀ ਕਿਸਾਨੀ ਵਿਚੋਂ ਸੀ। ਵਿਰਸੇ ਵਿਚ ਮਿਲੀ ਦਰਮਿਆਨੀ ਕਿਸਾਨੀ ਨੂੰ ਗੁਣ ਤੇ ਗਿਣਤੀ ਪਖੋਂ ਪਹਿਲ ਕਦਮੀਂ ਅਜ ਵੀ ਉਸੇ ਤਰ੍ਹਾਂ ਕਾਇਮ ਹੈ। ਅਜ ਵੀ ਸਾਰੀਆਂ ਰਵਾਇਤੀ ਤੇ ਨਵੀਆਂ ਮਾਰਕਸੀ ਪਾਰਟੀਆਂ ਦੀ ਰੀੜ੍ਹ ਦੀ ਹੱਡੀ ਦਰਮਿਆਨੀ ਕਿਸਾਨੀ ਹੈ, ਜਿਸ ਲਈ ਇਨਕਲਾਬ ਢਿੱਡ ਦੀ ਲੋੜ ਨਹੀਂ, ਜਿਹੜਾ ਕਦੇ ਤੇਜ਼ ਹੋ ਜਾਂਦਾ ਹੈ ਕਦੇ ਮੱਠਾ, ਕਦੇ ਉਕਾ ਹੀ ਉਤਰ ਜਾਂਦਾ ਹੈ। ਜਿਸ ਕਾਰਨ ਕਿਸੇ ਸਮੇਂ ਦੇ ਇਨਕਲਾਬੀ ਬਿਨਾਂ ਕਿਸੇ ਮਾਨਸਿਕ ਗੁੰਝਲ ਦੇ ਸਫ਼ਲ ਕਿਸਾਨ, ਸਫ਼ਲ ਪ੍ਰੋਫ਼ੈਸਰ ਤੇ ਅਫ਼ਸਰ ਬਣ ਜਾਂਦੇ ਹਨ। ਪੰਜਾਬ ਦੀਆਂ ਮਾਰਕਸੀ ਪਾਰਟੀਆਂ ਵਿਚ ਜਿੰਨਾ ਕਾਡਰ ਆਇਆ ਤੇ ਗਿਆ ਇਸ ਦੀ ਮਿਸਾਲ ਹੋਰ ਰਾਜਾਂ ਵਿਚ ਨਹੀਂ ਮਿਲਦੀ। ਇਹ ਕਿਸਾਨੀ ਮੁੱਢ ਤੇ ਸੋਚ ਦਾ ਮੰਤਕੀ ਸਿੱਟਾ ਹੈ।

ਕਿਸਾਨੀ ਆਮ ਤੌਰ 'ਤੇ 'ਨਾਇਕ ਪੂਜਕ' ਹੁੰਦੀ ਹੈ। ਪੰਜਾਬ ਦੀ ਕਿਸਾਨੀ ਵੀ ਇਸ ਔਗੁਣ ਤੋਂ ਬਰੀ ਨਹੀਂ ਹੈ। ਇਹ ਸਦਾ ਵਿਅਕਤੀਆਂ ਮਗਰ ਲਗਦੀ ਹੈ। ਜਿਸ ਕਾਰਨ ਕਈ ਵੇਰ ਚੰਗੇ ਸਿੱਟੇ ਵੀ ਨਿਕਲੇ ਹਨ, ਕਈ ਵੇਰ ਭੈੜੇ ਵੀ। ਸਿੱਖ ਲਹਿਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ। ਮਾਰਕਸੀ ਲਹਿਰ ਸਮੇਂ ਵੀ ਇਹੋ ਗੱਲ ਵਾਪਰੀ ਹੈ। ਮਾਰਕਸੀ ਪਾਰਟੀਆਂ ਅੰਦਰ ਵੀ ਇਹ ਰੋਗ ਰਿਹਾ ਹੈ, ਜਿਸ ਨੇ ਇਸ ਲਹਿਰ ਨੂੰ ਬਹੁਤ ਨੁਕਸਾਨ ਪੁਚਾਇਆ ਹੈ।

ਪੰਜਾਬ ਵਿਚ ਮਾਰਕਸੀ ਲਹਿਰ ਦੇ ਵਿਕਾਸ ਦਾ ਨਿਰਣਾ ਕਰਨ ਸਮੇਂ ਉਪਰਲੇ ਤੱਥ ਅਖੋਂ ਉਹਲੇ ਨਹੀਂ ਕੀਤੇ ਜਾ ਸਕਦੇ, ਨਾ ਹੀ ਇਹਨਾਂ ਨੂੰ ਅੱਖੋਂ ਪਰੋਖੇ ਕਰਨਾ ਮਾਰਕਸਵਾਦ ਹੋਵੇਗਾ। ਮੂਲ ਰੂਪ ਵਿਚ ਮਾਰਕਸੀ ਲਹਿਰ ਦੇ ਵਿਕਾਸ ਨੂੰ ਜੋਖਣ ਲਈ ਇਥੋਂ ਦੀਆਂ ਆਰਥਕ ਤੇ ਸਮਾਜਕ ਪ੍ਰਸਥਿਤੀਆਂ ਦਾ ਨਿਰਣਾ ਕਰਨਾ ਚਾਹੀਦਾ ਹੈ। ਇਹੋ ਲਹਿਰ ਨੂੰ ਪਰਭਾਵਤ ਕਰਦੀਆਂ ਹਨ।

ਨਰਵਿੰਦਰ ਸਿੰਘ

## ਡਾ: ਅਤਰ ਸਿੰਘ ਤੇ ਪੰਜਾਬੀਅਤ

ਕੁਝ ਦਿਨ ਹੋਏ ਡਾ: ਅਤਰ ਸਿੰਘ ਨੇ ਅੰਮ੍ਰਿਤਸਰ ਇਕ ਸਾਹਿਤਕ ਕਾਨਫ਼ਰੰਸ ਵਿਚ ਆਪਣਾ ਪਰਚਾ 'ਪੰਜਾਬੀਅਤ' ਉਤੇ ਪੜ੍ਹਿਆ । ਇਹੋ ਜਿਹਾ ਪਰਚਾ, ਏਸੇ ਵਿਸ਼ੇ ਉਤੇ, ਕਈ ਥਾਵਾਂ 'ਤੇ ਉਹ ਕਈ ਸਾਲਾਂ ਤੋਂ ਪੜ੍ਹਦੇ ਚਲੇ ਆ ਰਹੇ ਹਨ। ਪਰ ਕਮਾਲ ਦੀ ਗੱਲ ਇਹ ਕਿ ਇਸ ਵਾਰ ਇਸ ਪਰਚੇ 'ਤੇ ਭਖਵੀਂ ਤੇ ਖੜਕਵੀਂ ਬਹਿਸ ਵੀ ਹੋਈ ! ਇਸ ਪਰਚੇ ਵਿਚ ਕੁਝ ਇਕ ਅੰਕੜਿਆਂ ਅਤੇ ਇਤਿਹਾਸਕ ਵੇਰਵਿਆਂ ਦੇ ਜੋੜ-ਤੋੜ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ ! ਇਹ ਅਗੂੰਦਵਾਂ ਵੀ ਸੀ ਅਤੇ ਕੋਈ ਮੱਤ ਵੀ ਇਸ ਵਿਚ ਸਥਾਪਤ ਨਹੀਂ ਸੀ ਕੀਤਾ ਗਿਆ। ਇਸ ਵਿਚ ਖਾਹਮਖਾਹ ਬਾਰ ਬਾਰ ਪਾਕਿਸਤਾਨੀ ਪੰਜਾਬੀ ਸਾਹਿਤ ਅਤੇ ਲੋਕਾਂ ਦੀ ਗੱਲ ਕੀਤੀ ਗਈ ਸੀ।

ਇਸ ਪਰਚੇ 'ਤੇ ਬੋਲਦਿਆਂ ਪ੍ਰੋ: ਤੇਜਬੀਰ ਕਸੇਲ ਨੇ ਕਿਹਾ : (ਸੰਖੇਪ ਰੂਪ ਵਿਚ) ਡਾ: ਅਤਰ ਸਿੰਘ ਅਜ ਕਲ੍ਹ ਪੰਜਾਬੀਅਤ ਦੇ ਸਿਰਮੌਰ ਪਰਵਕਤਾ ਹਨ। ਦੂਜਾ ਪਰਵਕਤਾ ਸ੍ਰ: ਖ਼ੁਸ਼ਵੰਤ ਸਿੰਘ ਹੈ ਜਿਸ ਨੇ ਇਕ ਵਾਰ ਇਲੱਸਟਰੇਟਡ ਵੀਕਲੀ ਦਾ ਇਕ ਅੰਕ ਪੰਜਾਬ ਤੇ ਪੰਜਾਬੀਅਤ ਬਾਰੇ ਕਢਿਆ ਸੀ ਜਿਸ ਵਿਚ ਉਸ ਪੰਜਾਬੀਅਤ ਨੂੰ ਟਰੱਕ-ਡਰਾਈਵਰਾਂ ਅਤੇ ਲੱਸੀ ਪੀਣ ਵਾਲੇ ਲੋਕਾਂ ਤਕ ਹੀ ਸੀਮਤ ਕਰ ਦਿਤਾ ਸੀ। ਦੂਜੇ ਪਰਵਕਤਾ ਡਾ: ਅਤਰ ਸਿੰਘ ਹਨ, ਵਿਦਵਾਨ ਸਜਣ ਹਨ, ਪਰ ਇਹਨਾਂ ਦੀ ਇਹ ਖ਼ੂਬਸੂਰਤੀ ਹੈ ਜਾਂ ਕਮਜ਼ੋਰੀ ਕਿ ਪੰਜਾਬੀਅਤ ਬਾਰੇ ਇਹ ਆਪਣਾ ਮੁਹਾਵਰਾ ਵੇਲੇ ਦੀ ਸਰਕਾਰ ਦੇ ਬਦਲ ਜਾਣ ਨਾਲ ਹੀ ਬਦਲ ਲੈਂਦੇ ਹਨ !

ਪੰਜਾਬੀਅਤ ਦੀ ਠੀਕ ਪ੍ਰੀਭਾਸ਼ਾ ਨਾ ਹੋਣ ਕਰਕੇ ਸਭ ਤੋਂ ਵਧ ਗੰਦ ਖਲਾਰਣ ਵਾਲੇ ਕੁਝ ਇਕ ਕੱਚਘੱੜ ਉਹ ਮਾਰਕਸਿਸਟ ਆਲੋਚਕ ਹਨ ਜਿਹੜੇ ਆਪ ਨਾ ਕਮਿਊਨਿਸਟ ਹਨ ਤੇ ਨਾ ਮਾਰਕਸਿਸਟ ਤੇ ਜਿਹਨਾਂ ਦਾ ਅਨੈਲੇਸਿਸ ਐਂਟੀ ਟੋਟਲ ਮੈਨ ਤੇ ਐਂਟੀ ਕਲਚਰ ਹੈ । ਇਹਨਾਂ ਵਿਚ ਅਤਰ ਸਿੰਘ ਵਰਗੇ ਤੇ ਇਦਾਂ ਦੇ ਇਕ ਦੋ ਹੋਰ ਸੱਜਣ ਹਨ ।

ਪੰਜਾਬੀਅਤ ਪਰਸੈਪਚੂਅਲ ਤੇ ਕਨਸੈਪਚੂਅਲ ਪੈਟਰਨ ਲਭਣ 'ਚ ਹੈ—ਤੇ ਕੀ ਆਰਕੀਟਾਈਪਲ ਵਿਸਡਮ ਹੁੰਦਾ ਹੈ—ਤੇ ਕਿਵੇਂ ਕੋਲੈਕਟਵ ਅਨ-ਕਾਨਸਸ ਨੂੰ ਸਮਝਣ ਵਿਚ ਪੰਜਾਬੀਅਤ ਹੈ, ਨਾ ਕਿ ਇਤਿਹਾਸਕ ਅੰਕੜੇ ਦਸਣ ਵਿਚ (ਭਾਵ ਇਹ ਕਿ ਕਨਸੈਪਚੂਅਲ ਆਪੋਜ਼ੀਸ਼ਨਜ਼ ਕੀ ਹੁੰਦੀਆਂ ਹਨ ਤੇ ਕਲਚਰਲ ਮੈਟਾਫ਼ਾਰ ਕੀ) ਅਤੇ ਜਾਂ ਪੰਜਾਬੀਅਤ ਦੀ ਪ੍ਰੀਭਾਸ਼ਾ ਕਰਨ ਲਈ ਕਿਵੇਂ ਡਾਇਕਰਾਨਕ ਵਿਧੀ ਨਹੀਂ ਅਪਨਾਈ ਦੀ, ਸਗੋਂ ਸਿਨਕਰਾਨਕ ਦੀ ਲੋੜ ਹੈ ਕਿਉਂਕਿ ਇਤਿਹਾਸ ਸਮੱਗਰੀ ਹੈ ਤੇ ਪੰਜਾਬੀਅਤ ਇਕ ਕਨਸੈਪਟ । (ਇਤਿਹਾਸ ਨਹੀਂ, ਸਗੋਂ ਇਤਿਹਾਸ ਕੀ ਪ੍ਰਗਟ ਕਰਦਾ ਹੈ, signify) ਅਤਰ ਸਿੰਘ ਸਿਰਫ਼ ਇਤਿਹਾਸਕ ਟੂਕਾਂ ਨਾਲ ਹੀ ਕੰਮ ਸਾਰਦਾ ਹੈ । ਮੈਨੂੰ ਅਫ਼ਸੋਸ ਹੈ ਕਿ ਉਹਨੂੰ ਤਾਂ ਭਾਸ਼ਾ ਦੀ ਵੀ ਪ੍ਰੀਭਾਸ਼ਾ ਕਰਨੀ ਨਹੀਂ ਆਉਂਦੀ। ਉਹ ਸਿਰਫ਼ ਬੋਲੀ ਜਾਂਦੀ ਭਾਸ਼ਾ ਨੂੰ ਹੀ ਭਾਸ਼ਾ ਸਮਝ, ਭਾਸ਼ਾ ਦਾ ਗਲ ਘੁੱਟਦਾ ਹੈ । ਡਾ: ਹਰਜੀਤ ਸਿੰਘ ਗਿੱਲ ਤੇ ਉਹਦੀ ਟੀਮ ਨੇ ਇਸ



ਖੇਤਰ ਵਿਚ ਵਿਗਿਆਨਕ ਢੰਗ ਨਾਲ ਕੁਝ ਕੰਮ ਕੀਤਾ ਹੈ—ਤੇ ਇਹ ਪੰਜਾਬੀਆਂ ਲਈ ਇਕ ਵਿਲੱਖਣ ਉਦਾਹਰਣ ਹੈ । ਸਾਨੂੰ ਐਨੇਲਿਸਟ ਦੀ ਲੋੜ ਹੈ ਨਾ ਕਿ ਅਤਰ ਸਿੰਘ ਵਰਗੇ ਰੀਪੋਰਟਰ ਦੀ । ਇਹ ਲੋਕ ਸਿਰਫ਼ ਬੇਲੋੜਾ ਐਵੇਂ ਬੋਲੀ ਤੇ ਲਿਖੀ ਜਾਂਦੇ ਹਨ—ਇਹਨਾਂ ਦਾ ਕੀ ਕਰੀਏ ?

ਡਾ: ਅਤਰ ਸਿੰਘ ਆਪਣੇ ਪੰਜਾਬ ਦੇ ਨੌਜੁਵਾਨ ਤੇ ਬਜ਼ੁਰਗ ਲੇਖਕਾਂ ਦੀ ਗੱਲ ਕਰਨੀ ਛੱਡ ਕੇ ਪਾਕਿਸਤਾਨੀ ਲੇਖਕਾਂ ਤੇ ਲੋਕਾਂ ਦੀ ਗੱਲ ਬਾਰ ਬਾਰ ਕਿਉਂ ਕਰਦੇ ਹਨ ? ਤੇ 'ਸੱਤ ਗੁਵਾਚੇ ਲੋਕ' ਵਰਗੀ ਘਟੀਆ ਰਚਨਾ (ਜੋ ਕਿ ਸੁਰੀਅਲਲਿਜ਼ਮ ਦੇ ਮੁਢਲੇ ਫੀਤਿਆਂ ਉਪਰ ਵੀ ਪੂਰੀ ਨਹੀਂ ਉਤਰਦੀ) ਦੀ ਬਾਰ ਬਾਰ ਕਿਉਂ ਗੱਲ ਕਰਦੇ ਹਨ ? ਇਹ ਕਲੋਨੀਅਲ ਵਤੀਰਾ ਹੈ । ਅਤਰ ਸਿੰਘ ਲਈ ਪਾਕਿਸਤਾਨੀ ਸਾਹਿਤ ਇਕ ਭਸ਼ਾਈ ਕਾਲੋਨੀ ਹੈ । ਇਹ ਰਚਨਾ ਕਰਕੇ ਨਹੀਂ, ਸਗੋਂ ਆਪਣੇ ਲਾਭ ਹਾਣ ਕਰਕੇ ਉਸ ਸਾਹਿਤ ਦੀ ਗੱਲ ਕਰਦੇ ਹਨ, ਜਦੋਂ ਕਿ ਆਪ ਕਿਸੇ ਵੀ ਰਚਨਾ ਦਾ ਅਨੈਲੇਸਿਸ ਕਰਨ ਦੇ ਅਸਮਰਥ ਹਨ ।

ਸਤਿਆਰਥੀ ਸਾਹਿਬ ਨੇ ਆਪਣੇ ਸੂਖਮ ਵਿਅੰਗੀ ਢੰਗ ਨਾਲ ਡਾਕਟਰ ਅਤਰ ਸਿੰਘ ਨੂੰ ਸਮਝਾਇਆ ਕਿ ਪੰਜਾਬੀ ਸਿਰਫ਼ ਸਿੱਖਾਂ ਦੀ ਹੀ ਨਹੀਂ ਸਗੋਂ ਹਿੰਦੂਆਂ ਤੇ ਆਰੀਆ ਸਮਾਜੀਆਂ ਦੀ ਵੀ ਜ਼ਬਾਨ ਹੈ ਤੇ "ਡਾਕਟਰ ਸਾਹਿਬ ਦੇ ਸਹੁਰੇ ਮੇਰੇ ਪਿੰਡ ਹਨ—ਭਾਵ ਰੋਹਤਕ ਰੋਡ, ਦਿੱਲੀ !" ਉਹਨਾ ਕਈ ਪੰਜਾਬੀ ਬੋਲੀਆਂ ਦੇ ਭਾਵ ਅਰਥ ਦਸੇ ਤੇ ਕਿਹਾ ਕਿ ਇਹ ਕਿਵੇਂ ਜਗਤ ਵਿਚ ਵਿਲੱਖਣ ਹਨ । ਕੀ ਡਾਕਟਰ ਸਾਹਿਬ ਇਹਨਾਂ ਦਾ ਵਿਸ਼ਲੇਸ਼ਨ ਕਰ ਸਕਦੇ ਹਨ ? ਉਹਨਾਂ ਕਿਹਾ (ਡਾਕਟਰ ਸਾਹਿਬ ਨੂੰ) 'ਗਿੱਧਿਆ ਪਿੰਡ ਵੜ ਵੇ, ਲਾਂਭ ਲਾਂਭ ਨਾ ਜਾ'—

ਸੁਰਿੰਦਰ ਕੰਬੋਜ਼ ਨੇ ਕਿਹਾ ਪੰਜਾਬੀਅਤ ਪਿੰਡਾਂ ਵਿਚ ਵਸਦੀ ਹੈ, ਪੰਜਾਬੀਅਤ ਸਾਡੀ ਫੋਕ-ਲੋਰ ਹੈ ਨਾ ਕਿ ਇਹ ਟੁਟਾ ਫੁਟਾ ਡਾਕਟਰ ਸਾਹਿਬ ਵਾਲਾ ਇਤਿਹਾਸ । ਸ਼ਹਿਰਯਾਰ ਨੇ ਕਿਹਾ ਕਿ ਪੰਜਾਬੀਅਤ ਦੀ ਪ੍ਰੀਭਾਸ਼ਾ ਨਾ ਹੋਣ ਦੇਣ ਵਿਚ ਸਭ ਤੋਂ ਵੱਡਾ ਹੱਥ ਯੂਨੀਵਰਸਿਟੀਆਂ ਵਿਚ ਬਣੀਆਂ ਚੇਅਰਾਂ ਤੇ ਉਹਨਾਂ ਵਿਭਾਗਾਂ ਦਾ ਹੈ, ਜਿਹਨਾਂ ਸੋਧ ਦੇਣ ਦੀ ਥਾਂ ਅਸੋਧ ਦਿਤੀ ਹੈ । ਰਾਹੀ ਸਾਹਿਬ ਨੇ ਪੰਜਾਬੀ ਭਾਸ਼ਾ ਦੀ ਵਿਲੱਖਣਤਾ ਦਸੀ ਤੇ ਪੰਜਾਬੀ ਜਜ਼ਬੇ ਦੀ ਤਰਜ਼ੇ-ਬਿਆਨੀ ਕੀਤੀ । ਅਰਪਨ ਨੇ ਕਿਹਾ ਕਿ ਡਾਕਟਰ ਸਾਹਿਬ ਬੇਲੋੜਾ ਪਾਕਿਸਤਾਨੀ ਸਾਹਿਤ ਨਾਲ ਜੁੜੇ ਹਨ ਤੇ ਉਸ 'ਤੇ ਜ਼ੋਰ ਦੇ ਰਹੇ ਹਨ ਜਦੋਂ ਕਿ ਉਥੇ ਸਾਹਿਤ 1947 ਉਪਰ ਖਲੋਤਾ ਹੈ ਤੇ ਸਾਡੇ ਲੇਖਕ ਤੇ ਕਹਾਣੀਕਾਰ ਕਿਤੇ ਅਗੇ ਆ ਗਏ ਹਨ ।

SPECIALIST IN
MAGAZINE
DAILY, WEEKLY &
BOOK PRINTING
LOK
PRINTERS
A/12 KRISHAN NAGAR DELHI-51

S E D H (Direction) NOVEMBER, 1977
Registered with the Registrar of Newspapers
for India—Registration No. 23895/72 Regd. No. D (S) 022

With Best Compliments
From

YASH CHOPRA'S

**DOOSARA AADMI**

Directed by
RAMESH TALWAR

Written by
SAGAR SARHADI

Music
RAJESH ROSHAN

Lyrics
MAJROOH

Photography
RAMESH BHALLA